# ECHO OF HIS CALL

# ਬੁਲਾਵੇ ਦੀ ਗੂੰਜ

**PUNJABI**

₹ 10/-

*India's National Spiritual Newspaper*

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

**Editor : S. SAM SELVA RAJ** | **16 Languages** | **Associate Editor : Bro. Vishwas Masih**

VOL. XXI | YEAR OF OUR LORD JESUS CHRIST, JANUARY 2021 | NO. 9


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਯਸਾਯਾਹ 41:11-17

11. ਵੇਖ, ਉਹ ਜੋ ਤੇਰੇ ਨਾਲ ਗੁੱਸੇ ਹਨ ਸ਼ਰਮਿੰਦੇ ਹੋਣਗੇ ਅਰ ਉਨ੍ਹਾਂ ਦੇ ਮੂੰਹ ਕਾਲੇ ਹੋਣਗੇ ਅਤੇ ਉਹ ਜੋ ਤੇਰੇ ਨਾਲ ਲੜਦੇ ਨਾ ਹੋਇਆਂ ਜੇਹੇ ਹੋ ਕੇ ਨਾਸ ਹੋ ਜਾਣਗੇ।

12. ਜੋ ਤੇਰੇ ਨਾਲ ਝਗੜਦੇ ਹਨ ਤੂੰ ਉਨ੍ਹਾਂ ਨੂੰ ਭਾਲੇਂਗਾ ਪਰ ਪਾਏਂਗਾ ਨਾ, ਜੋ ਤੇਰੇ ਨਾਲ ਯੁੱਧ ਕਰਦੇ ਹਨ ਉਹ ਨਾ ਹੋਇਆਂ ਜੇਹੇ ਸਗੋਂ ਨੇਸਤੀ ਹੋ ਜਾਣਗੇ।

13. ਮੈਂ ਯਹੋਵਾਹ ਤੇਰਾ ਪ੍ਰਮੇਸ਼ਵਰ ਤੇਰਾ ਸੱਜਾ ਹੱਥ ਫੜੀ ਬੈਠਾ ਹਾਂ, ਮੈਂ ਤੈਨੂੰ ਆਖਦਾ ਹਾਂ ਨਾ ਡਰ ਮੈਂ ਤੇਰੀ ਸਹਾਇਤਾ ਕਰਾਂਗਾ।

14. ਨਾ ਡਰ, ਹੇ ਯਾਕੂਬ ਕੀੜੇ, ਹੇ ਇਸਰਾਏਲ ਦੀ ਜੰਦ! ਮੈਂ ਤੇਰੀ ਸਹਾਇਤਾ ਕਰਾਂਗਾ ਯਹੋਵਾਹ ਦਾ ਵਾਕ ਹੈ ਤੇਰਾ ਛੁਟਕਾਰਾ ਦੇਣ ਵਾਲਾ ਇਸਰਾਏਲ ਦਾ ਪਵਿੱਤਰ ਪੁਰਖ ਹਾਂ।

15. ਵੇਖ, ਮੈਂ ਤੈਨੂੰ ਇੱਕ ਨਵੇਂ ਤਿੱਖੇ ਗਾਹ ਪਾਉਣ ਵਾਲੇ ਫਲ੍ਹੇ ਜਿਹਾ, ਜਿਹ ਦੇ ਦੰਦ ਵੀ ਹਨ ਠਹਿਰਾਵਾਂਗਾ, ਤੂੰ ਪਹਾੜਾਂ ਨੂੰ ਗਾਹੇਂਗਾ ਅਰ ਉਨ੍ਹਾਂ ਨੂੰ ਮਹੀਨ ਕਰੇਂਗਾ।

16. ਤੂੰ ਉਨ੍ਹਾਂ ਨੂੰ ਛੱਟੇਂਗਾ ਅਰ ਹਵਾ ਉਨ੍ਹਾਂ ਨੂੰ ਉੜਾ ਲੈ ਜਾਵੇਗੀ, ਅਤੇ ਤੁਫ਼ਾਨ ਉਨ੍ਹਾਂ ਨੂੰ ਖਿਲਾਰ ਦੇਵੇਗਾ, ਪਰ ਤੂੰ ਯਹੋਵਾਹ ਵਿੱਚ ਖੁਸ਼ ਹੋਵੇਂਗਾ ਅਤੇ ਇਸਰਾਏਲ ਦੇ ਪਵਿੱਤਰ ਪੁਰਖ ਉੱਤੇ ਫ਼ਖ਼ਰ ਕਰੇਂਗਾ।

17. ਮਸਕੀਨ ਅਰ ਕੰਗਾਲ ਪਾਣੀ ਭਾਲਦੇ ਹਨ ਪਰ ਹੈ ਨਹੀਂ ਉਨ੍ਹਾਂ ਦੀਆਂ ਜੀਭਾਂ ਤਿਹਾ ਨਾਲ ਖੁਸ਼ਕ ਹਨ, ਮੈਂ ਯਹੋਵਾਹ ਉਨ੍ਹਾਂ ਨੂੰ ਉੱਤਰ ਦਿਆਂਗਾ, ਮੈਂ ਇਸਰਾਏਲ ਦਾ ਪ੍ਰਮੇਸ਼ਵਰ ਉਨ੍ਹਾਂ ਨੂੰ ਨਾ ਤਿਆਗਾਂਗਾ।

## The Lord's Testimony to the Nations!

## ਕੌਮਾਂ ਲਈ ਪ੍ਰਮੇਸ਼ਵਰ ਦੀ ਸਾਖੀ!

(ਪਾ: ਡੇਵਿਡ ਵਿਲਕਰਸਨ)

"ਅਤੇ ਰਾਜ ਦੀ ਇਸ ਖੁਸ਼ਖ਼ਬਰੀ ਦਾ ਪ੍ਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ, ਤਦ ਅੰਤ ਆਵੇਗਾ" (ਮੱਤੀ 24:14)।

ਕਲੀਸਿਆ ਵਿੱਚ ਅੱਜ ਬਹੁਤ ਸਾਰੇ ਲੋਕ ਮੌਜੂਦਾ ਸਮੇਂ ਵਿੱਚ ਵਾਪਰ ਰਹੇ ਚਿੰਨ੍ਹਾਂ ਅਨੁਸਾਰ ਮਸੀਹ ਦੀ ਆਮਦ ਨੂੰ ਨਿਰਧਾਰਤ ਕਰ ਰਹੇ ਹਨ। ਅਸੀਂ ਮੌਜੂਦਾ ਘਟਨਾਵਾਂ ਵਿੱਚ ਉਨ੍ਹਾਂ ਚਿੰਨ੍ਹਾਂ ਨੂੰ ਵੇਖ ਰਹੇ ਹਾਂ: ਜਿਵੇਂ ਯਹੂਦੀਆਂ ਦੀ ਇਸਰਾਏਲ ਵਿੱਚ ਵਾਪਸੀ। ਹਾਲਾਂਕਿ ਯਿਸੂ ਨੇ ਆਪਣੀ ਦੂਸਰੀ ਆਮਦ ਬਾਰੇ ਉਪਰੋਕਤ ਆਇਤ ਵਿੱਚ ਬੜੇ ਸਪੱਸ਼ਟ ਢੰਗ ਨਾਲ ਬਿਆਨ ਕੀਤਾ ਹੈ। ਅੰਤ ਉਦੋਂ ਆਵੇਗਾ ਜਦੋਂ ਸੁਸਮਾਚਾਰ ਇੱਕ ਸਾਖੀ ਵੱਜੋਂ ਸਭ ਕੌਮਾਂ ਵਿੱਚ ਪ੍ਰਚਾਰ ਹੋ ਜਾਵੇਗਾ।

ਜੋ ਸ਼ਬਦ ਯਿਸੂ ਨੇ "ਸਾਖੀ" ਲਈ ਇਸਤੇਮਾਲ ਕੀਤਾ ਹੈ ਯੂਨਾਨੀ ਭਾਸ਼ਾ ਵਿੱਚ ਓਹੀ ਸ਼ਬਦ "ਗਵਾਹੀ" ਲਈ ਵਰਤਿਆ ਜਾਂਦਾ ਹੈ। ਜਿਸਦਾ ਅਰਥ ਹੈ, "ਸੱਚਾਈ ਦਾ ਪ੍ਰਮਾਣ"। ਯਿਸੂ ਦਾ ਭਾਵ ਕੇਵਲ ਸੁਸਮਾਚਾਰ ਪ੍ਰਚਾਰ ਤੋਂ ਹੀ ਨਹੀਂ ਹੈ ਬਲਕਿ ਇੱਕ ਗਵਾਹੀ ਨੂੰ ਪੇਸ਼ ਕਰਨਾ ਹੈ। ਸੰਖੇਪ ਵਿੱਚ ਉਹ ਆਖ ਰਹੇ ਹਨ ਕਿ ਸਾਡਾ ਸੁਸਮਾਚਾਰ ਪ੍ਰਚਾਰ ਤਦ ਹੀ ਪ੍ਰਭਾਵਸ਼ਾਲੀ ਹੋਵੇਗਾ ਜੇਕਰ ਸਾਡਾ ਜੀਵਨ ਵੀ ਉਸਦੀ ਗਵਾਹੀ ਦੇਵੇ।

ਤੁਸੀਂ ਸੋਚਦੇ ਹੋਵੋਗੇ ਕਿ ਅਮਰੀਕਾ ਵਿੱਚ, ਜਿੱਥੇ ਹਜ਼ਾਰਾਂ ਸੁਸਮਾਚਾਰਕ ਕਲੀਸਿਆਵਾਂ ਹਨ, ਸੁਸਮਾਚਾਰ ਦੀ ਚੰਗੀ ਗਵਾਹੀ ਹੋਵੇਗੀ। ਉੱਥੇ ਦੱਖਣ ਵਿੱਚ ਸਥਿਤ ਇੱਕ ਵੱਡੇ ਸ਼ਹਿਰ ਵਿੱਚ ਹੀ 2000 ਤੋਂ ਵੱਧ ਕਲੀਸਿਆਵਾਂ ਹਨ ਅਤੇ ਇੱਕ ਕਲੀਸਿਆ ਵਿੱਚ ਮੈਂਬਰਾਂ ਦੀ ਗਿਣਤੀ 15,000 ਤੋਂ ਵੀ ਵੱਧ ਹੈ।

ਪਰੰਤੂ ਅਜਿਹੀਆਂ ਬਹੁਤ ਸਾਰੀਆਂ ਕਲੀਸਿਆਵਾਂ ਸਮਝੌਤੇ ਦਾ ਸੁਸਮਾਚਾਰ ਪ੍ਰਚਾਰ ਕਰ ਰਹੀਆਂ ਹਨ। ਮੈਂਬਰਾਂ ਦੀਆਂ ਜ਼ਿੰਦਗੀਆਂ ਵਿੱਚ ਤਲਾਕ ਲਗਾਤਾਰ ਵਧ ਰਿਹਾ ਹੈ। ਅਤੇ ਉਨ੍ਹਾਂ ਵਿੱਚੋਂ ਬਹੁਤੇ ਕੁਆਰੇ ਨੌਜਵਾਨ ਵਿਭਚਾਰ ਵਿੱਚ ਜੀਵਨ ਜੀਅ ਰਹੇ ਹਨ। ਤੁਸੀਂ ਪੁੱਛੋਗੇ, ਅਜਿਹਾ ਕਿਵੇਂ ਹੋ ਸਕਦਾ ਹੈ? ਸੱਚਾਈ ਇਹ ਹੈ ਕਿ ਇਨ੍ਹਾਂ ਵੱਡੀਆਂ ਕਲੀਸਿਆਵਾਂ ਵਿੱਚ ਸੁਸਮਾਚਾਰ ਦਾ ਪ੍ਰਚਾਰ ਤਾਂ ਬਹੁਤ ਹੈ ਲੇਕਿਨ ਜੀਵਨਾਂ ਵਿੱਚ ਪ੍ਰਮਾਣ ਵੱਜੋਂ ਪ੍ਰਭੂ ਯਿਸੂ ਦੀ ਗਵਾਹੀ ਨਹੀਂ ਹੈ। ਉਹ ਆਪਣੇ ਸ਼ਹਿਰ ਜਾਂ ਕੌਮ ਲਈ ਇੱਕ ਸੱਚੀ ਸਾਖੀ ਨਹੀਂ ਹਨ।

ਹਾਂ, ਸਭ ਲੋਕ ਅਜਿਹੇ ਨਹੀਂ ਹਨ।

(ਚਲਦਾ ਸਫ਼ਾ 3-)

### ਘੋਸ਼ਣਾ

ਕਿਰਪਾ ਕਰਕੇ ਨੋਟ ਕਰੋ ਕਿ ਬੁਲਾਵੇ ਦੀ ਗੂੰਜ ਮਾਸਿਕ ਸਮਾਚਾਰ ਪੱਤਰ ਹੁਣ ਮਨੀਪੁਰੀ ਭਾਸ਼ਾ ਵਿੱਚ ਵੀ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਸਹਾਇਕ ਸੰਪਾਦਕ: ਰੈਵ. ਡਾ. ਰਿਸ਼ੀਕਾਂਤਾ ਸੋਰੋਖੈਬਮ

-ਸੰਪਾਦਕ

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



"...ਤੂੰ ਸਿੰਜੇ ਹੋਏ ਬਾਗ ਜਿਹਾ ਹੋਵੇਂਗਾ, ਅਤੇ ਉਸ ਸੁੰਬ ਜਿਹਾ ਜਿਹ ਦਾ ਪਾਣੀ ਮੁੱਕਦਾ ਨਹੀਂ" (ਯਸਾਯਾਹ 58:11)।




CHIEF EDITORS
Pastor S. Sam Selva Raj
Angeline Selvakumari Henry, M.A., M.Ed.
MANAGING EDITOR
Pastor Alex Samson Sam, B.Th., M.Div.
ADMINISTRATION
Bro. N. Prakasam, M.A., General Manager
EDITORIAL BOARD
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
Head Qrs. CO-ORDINATORS
Bro. John Rodrigues
Sis. E. Daisy Rani
ADVISORY BOARD
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.

PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

ਪ੍ਰਭੂ ਵਿੱਚ ਪਿਆਰੇ ਭਰਾਵੋ ਤੇ ਭੈਣੋ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਸਰਵਉੱਚ ਨਾਂ ਵਿੱਚ ਤੁਹਾਨੂੰ ਸ਼ੁੱਭ ਇੱਛਾਵਾਂ।

ਅਸੀਂ ਤੁਹਾਨੂੰ ਇੱਕ ਮੁਬਾਰਕ ਅਤੇ ਖੁਸ਼ਹਾਲ ਨਵੇਂ ਸਾਲ 2021 ਦੀ ਵਧਾਈ ਦਿੰਦੇ ਹਾਂ। ਸਾਡਾ ਅਦਭੁੱਤ ਮੁਕਤੀਦਾਤਾ ਜਿਹੜਾ ਹੁਣ ਤੀਕ ਤੁਹਾਡੇ ਜੀਵਨ ਵਿੱਚ ਤੁਹਾਡੇ ਨਾਲ ਚੱਲਦਾ ਰਿਹਾ ਹੈ ਇਸ ਸਾਲ ਵਿੱਚ ਵੀ ਤੁਹਾਡੇ ਨਾਲ ਚੱਲੇਗਾ। "ਪ੍ਰਮੇਸ਼ਵਰ ਵਫ਼ਾਦਾਰ ਹੈ, ਜਿਸ ਦੇ ਰਾਹੀਂ ਤੁਸੀਂ ਸੱਦੇ ਗਏ ਹੋ ..." (1 ਕੁਰਿੰਥੀਆਂ 1:9)। ਇਸ ਲਈ ਇਹ ਸਾਡੀ ਜ਼ਿੰਮੇਵਾਰ ਹੈ ਕਿ ਪੂਰੇ ਦਿਨ ਨਾਲ ਉਸਦੀ ਵਡਿਆਈ ਅਰ ਸੇਵਾ ਕਰੀਏ। ਇਨ੍ਹਾਂ ਲੋਕਾਂ ਨੂੰ ਮੈਂ ਆਪਣੇ ਲਈ ਸਿਰਜਿਆ ਹੈ, ਇਹ ਮੇਰੀ ਵਡਿਆਈ ਕਰਨਗੇ (ਯਸਾਯਾਹ 43:21)।

ਮਹਾਂਮਾਰੀ ਕਰਕੇ ਚਹੁਮ ਪਾਸਿਆਂ ਤੋਂ ਆਈਆਂ ਮੁਸ਼ਕਲਾਂ ਦੇ ਵਿਚਕਾਰ ਵੀ ਪ੍ਰਭੂ ਨੇ ਸਾਡੀਆਂ ਜਾਨਾਂ ਦੀ ਰਾਖੀ ਕੀਤੀ। ਇਸ ਕਰਕੇ ਅਸੀਂ ਉਸਦਾ ਧੰਨਵਾਦ ਕਰਨਾ ਹੈ। ਪ੍ਰਭੂ ਯਿਸੂ ਆਪਣੇ ਰਹਿਮ ਸਦਕਾ ਸਾਡੀਆਂ ਸਭ ਲੋੜਾਂ ਨੂੰ ਪੂਰਾ ਕਰ ਰਿਹਾ ਹੈ। ਬੀਤੇ ਸਾਲ ਵਿੱਚ ਉਸਨੇ ਸਾਡੀ ਮਦਦ ਕੀਤੀ ਕਿ ਅਸੀਂ ਉਸਦੇ ਰਾਜ ਦੇ ਵਿਸਤਾਰ ਲਈ ਨਵੀਆਂ ਸੇਵਕਾਈਆਂ ਸ਼ੁਰੂ ਕਰ ਸਕੀਏ।ਪ੍ਰਮੇਸ਼ਵਰ ਦੀ ਕਿਰਪਾ ਨਾਲ ਅਸੀਂ ਆਪਣੀਆਂ ਸੇਵਕਾਈਆਂ: ਹਾਈ ਸਕੂਲ, ਬਾਈਬਲ ਕਾਲਜ ਸੀਮਿਤ ਢੰਗ ਨਾਲ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ੁਰੂ ਕਰ ਦਿੱਤੀਆਂ ਹਨ।

ਪ੍ਰਮੇਸ਼ਵਰ ਨੇ ਸਾਨੂੰ ਇਸ ਯੋਗ ਬਣਾਇਆ ਕਿ ਅਸੀਂ ਬੁਲਾਵੇ ਦੀ ਗੂੰਜ ਨੂੰ ਮਨੀਪੁਰੀ ਵਿੱਚ 17ਵੀਂ ਭਾਸ਼ਾ ਦੇ ਤੌਰ ਤੇ ਪ੍ਰਕਾਸ਼ਨ ਕਰ ਸਕੇ। ਇਹ ਮਨੀਪੁਰ ਜੋ ਕਿ ਭਾਰਤ ਦੇ ਉੱਤਰ ਪੂਰਬ ਵਿੱਚ ਸਥਿਤ ਇੱਕ ਰਾਜ ਹੈ, ਦੀ ਸਰਕਾਰੀ ਭਾਸ਼ਾ ਹੈ। ਅਸੀਂ ਇਸਦੇ ਸਹਾਇਕ ਸੰਪਾਦਕ ਡਾ. ਰਿਸ਼ੀਕਾਂਤਾ ਸੋਰੋਖੈਬਮ ਲਈ ਪ੍ਰਮੇਸ਼ਵਰ ਦੇ ਧੰਨਵਾਦੀ ਹੈ ਜਿਨ੍ਹਾਂ ਨੇ ਮਨੀਪੁਰੀ ਭਾਸ਼ਾ ਵਿੱਚ ਪ੍ਰਮੇਸ਼ਵਰ ਦਾ ਸੁਸਮਾਚਾਰ ਆਪਣੇ ਲੋਕਾਂ ਤੱਕ ਪਹੁੰਚਾਉਣ ਲਈ ਸਾਡੀ ਸੇਵਕਾਈ ਨਾਲ ਮਿਲ ਕੇ ਕਦਮ ਚੁੱਕਿਆ ਹੈ। ਅਸੀਂ ਉਨ੍ਹਾਂ ਦਾ ਪਰਿਵਾਰ ਸਮੇਤ ਬੁਲਾਵੇ ਦੀ ਗੂੰਜ ਪਰਿਵਾਰ ਵਿੱਚ ਸਵਾਗਤ ਕਰਦੇ ਹਾਂ!

ਜਦੋਂ ਸ਼ੁਰੂਆਤੀ ਦਿਨਾਂ ਵਿੱਚ ਪ੍ਰਭੂ ਯਿਸੂ ਨੇ ਸਾਨੂੰ ਬੁਲਾਵੇ ਦੀ ਗੂੰਜ ਦੀ ਸ਼ੁਰੂਆਤ ਕਰਨ ਲਈ ਆਖਿਆ ਤਾਂ ਬੜੀ ਅਸਾਨੀ ਨਾਲ ਸਾਨੂੰ ਸਰਕਾਰ ਵੱਲੋਂ ਨਿਮਲਿਖਿਤ 4 ਭਾਸ਼ਾਵਾਂ ਵਿੱਚ ਇਸਨੂੰ ਪ੍ਰਕਾਸ਼ਿਤ ਕਰਨ ਦੀ ਮੰਜ਼ੂਰੀ ਮਿਲੀ:

ਕਸ਼ਮੀਰੀ
ਸਿੰਧੀ
ਕੋਂਕਣੀ
ਸੰਸਕ੍ਰਿਤ

ਪਰੰਤੂ ਧਨ ਦੇ ਅਭਾਵ ਅਰ ਹੋਰ ਕੁਝ ਪਰੇਸ਼ਾਨੀਆਂ ਕਾਰਨ ਅਸੀਂ ਉਨ੍ਹਾਂ ਭਾਸ਼ਾਵਾਂ ਵਿੱਚ ਇਸਨੂੰ ਪ੍ਰਕਾਸ਼ਿਤ ਨਹੀਂ ਕਰ ਸਕੇ। ਹੁਣ ਅਸੀਂ ਆਤਮਾ ਵਿੱਚ ਮਹਿਸੂਸ ਕਰਦੇ ਹਾਂ ਇਨ੍ਹਾਂ ਚਾਰ ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇ ਤਾਂ ਜੋ ਪ੍ਰਭੂ ਯਿਸੂ ਦਾ ਸੁਸਮਾਚਾਰ ਭਾਰਤ ਦੇ ਹੋਰ ਬਹੁਤ ਸਾਰੇ ਲੋਕਾਂ ਤੱਕ ਪਹੁੰਚ ਸਕੇ।

ਇਸ ਮਹਾਨ ਦਰਸ਼ਨ ਨੂੰ ਪੂਰਾ ਕਰਨ ਲਈ ਸਭਤੋਂ ਪਹਿਲਾਂ ਤਾਂ ਸਾਨੂੰ ਅਜਿਹੇ ਸਮਰਪਿਤ ਲੋਕਾਂ ਦੀ ਲੋੜ ਹੈ ਜੋ ਇਸ ਕੰਮ ਲਈ ਸਾਡੇ ਨਾਲ ਮਿਲ ਕੇ ਪ੍ਰਾਰਥਨਾ ਕਰਨ ਅਤੇ ਦੂਸਰਾ ਸਾਨੂੰ ਉਨ੍ਹਾਂ

ਵਿਅਕਤੀਆਂ ਦੀ ਲੋੜ ਹੈ ਜੋ ਇਨ੍ਹਾਂ ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਦਾ ਅਨੁਵਾਦ ਅਰ DTP ਦਾ ਕੰਮ ਕਰਨ।

ਕਿਉਂਕਿ ਤੁਸੀਂ ਬੁਲਾਵੇ ਦੀ ਗੂੰਜ ਦੇ ਪਾਠਕ, ਪ੍ਰਾਰਥਨਾ ਯੋਧਾ ਅਤੇ ਸਹਾਇਕ ਹੋ ਇਸ ਕਰਕੇ ਇਨ੍ਹਾਂ ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਨੂੰ ਪ੍ਰਕਾਸ਼ਿਤ ਕਰਨ ਲਈ ਅਸੀਂ ਤੁਹਾਡੇ ਵਿਚਾਰਾਂ ਅਰ ਸਹਾਇਤਾ ਦੀ ਮੰਗ ਕਰਦੇ ਹਾਂ। ਤੁਹਾਡੀਆਂ ਸਲਾਹਾਂ ਅਤੇ ਵਿਚਾਰ ਕਸ਼ਮੀਰੀ, ਸਿੰਧੀ, ਕੋਂਕਣੀ ਅਤੇ ਸੰਸਕ੍ਰਿਤ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਤੱਕ ਪ੍ਰਮੇਸ਼ਵਰ
ਦਾ ਸੁਸਮਾਚਾਰ ਲੈ ਕੇ ਜਾਣਗੇ।

ਭਾਵੇਂ ਇਨ੍ਹਾਂ ਅਪਹੁੰਚੇ ਲੋਕਾਂ ਤੱਕ ਪਹੁੰਚਣਾ ਬਹੁਤ ਕਠਿਨ ਹੈ ਪਰੰਤੂ ਅਸੀਂ ਮਹਿਸੂਸ ਕਰਦੇ ਹਾਂ ਕਿ ਜਦੋਂ ਤੱਕ ਸੰਸਾਰ ਦਾ ਹਰੇਕ ਮਨੁੱਖ ਇਹ ਨਾ ਜਾਣ ਲਵੇ ਕਿ ਪ੍ਰਭੂ ਯਿਸੂ ਮਸੀਹ ਹੀ ਉਸਦਾ ਮੁਕਤੀਦਾਤਾ ਹੈ ਅਸੀਂ ਆਪਣੇ ਦਰਸ਼ਨ ਨੂੰ ਕਮਜ਼ੋਰ ਨਹੀਂ ਹੋਣ ਦੇਵਾਂਗੇ। "ਤੁਸੀਂ ਮੇਰੇ ਗਵਾਹ ਹੋ, ਯਹੋਵਾਹ ਦਾ ਵਾਕ ਹੈ, ਨਾਲੇ ਮੇਰਾ ਦਾਸ ਜਿਹ ਨੂੰ ਮੈਂ ਚੁਣਿਆਂ, ਭਈ ਤੁਸੀਂ ਜਾਣੋਂ ਅਰ ਮੇਰੀ ਪ੍ਰਤੀਤ ਕਰੋ, ਅਤੇ ਸਮਝੋ ਕਿ ਮੈਂ ਓਹੀ ਹਾਂ, ਮੈਥੋਂ ਅੱਗੇ ਕੋਈ ਪ੍ਰਮੇਸ਼ਵਰ ਨਹੀਂ ਸਾਜਿਆ ਗਿਆ, ਨਾ ਮੇਰੇ ਪਿੱਛੋਂ ਕੋਈ ਹੋਵੇਗਾ। ਮੈਂ, ਹਾਂ ਮੈਂ ਹੀ ਯਹੋਵਾਹ ਹਾਂ, ਮੇਰੇ ਬਿਨਾਂ ਕੋਈ ਬਚਾਉਣ ਵਾਲਾ ਨਹੀਂ। ਮੈਂ ਦੱਸਿਆ, ਮੈਂ ਬਚਾਇਆ, ਮੈਂ ਸੁਣਾਇਆ, ਅਤੇ ਤੁਹਾਡੇ ਵਿੱਚ ਕੋਈ ਓਪਰਾ (ਦੇਵਤਾ) ਨਹੀਂ ਸੀ, ਤੁਸੀਂ ਮੇਰੇ ਗਵਾਹ ਹੋ ਯਹੋਵਾਹ ਦਾ ਵਾਕ ਹੈ ਅਰ ਮੈਂ ਹੀ ਪ੍ਰਮੇਸ਼ਵਰ ਹਾਂ। ਹਾਂ ਦਿਨ ਹੋਣ ਤੋਂ ਲੈ ਕੇ ਮੈਂ ਹੀ ਉਹ ਹਾਂ, ਅਤੇ ਕੋਈ ਮੇਰੇ ਹੱਥੋਂ ਛੁਡਾ ਨਹੀਂ ਸਕਦਾ, ਮੈਂ ਕਾਰਜ ਕਰਾਂਗਾ ਅਰ ਕੌਣ ਉਹ ਨੂੰ ਰੋਕੇਗਾ? ਯਹੋਵਾਹ ਤੁਹਾਡਾ ਛੁਡਾਉਣ ਵਾਲਾ ਇਸਰਾਏਲ ਦਾ ਪਵਿੱਤਰ ਪੁਰਖ ਇਉਂ ਫਰਮਾਉਂਦਾ ਹੈ, ਤੁਹਾਡੇ ਨਮਿੱਤ ਮੈਂ ਬਾਬਲ ਵੱਲ ਘੱਲਿਆ, ਮੈਂ ਸਾਰੇ ਅਰਲਾਂ ਨੂੰ ਲਾਹ ਦਿਆਂਗਾ, ਅਤੇ ਕਸਦੀਆਂ ਦਾ ਜੈਕਾਰਾ ਸਿਆਪਾ ਹੋ ਜਾਵੇਗਾ। ਮੈਂ ਯਹੋਵਾਹ ਤੁਹਾਡਾ ਪਵਿੱਤਰ ਪੁਰਖ ਹਾਂ ਮੈਂ ਇਸਰਾਏਲ ਦਾ ਕਰਤਾਰ ਤੁਹਾਡਾ ਪਾਤਸ਼ਾਹ ਹਾਂ। ਯਹੋਵਾਹ ਇਉਂ ਆਖਦਾ ਹੈ, ਉਹ ਜੋ ਸਮੁੰਦਰ ਵਿੱਚ ਰਾਹ ਬਣਾਉਂਦਾ ਅਤੇ ਡਾਢੇ ਪਾਣੀਆਂ ਵਿੱਚ ਰਸਤਾ" (ਯਸਾਯਾਹ 43:10-16)।

ਅਸੀਂ ਇਸ ਪੱਤਰ ਦੇ ਤੁਹਾਡੇ ਉੱਤਰ ਦੀ ਉਡੀਕ ਵਿੱਚ ਹਾਂ।

ਪ੍ਰਮੇਸ਼ਵਰ ਇਸ ਨਵੇਂ ਸਾਲ 2021 ਵਿੱਚ ਤੁਹਾਨੂੰ ਹੋਰ ਵੀ ਬਰਕਤ ਦੇਵੇ ਅਤੇ ਤੁਹਾਨੂੰ ਇਸ ਯੋਗ ਬਣਾਵੇ ਕਿ ਤੁਸੀਂ ਨਵੇਂ ਬਲ, ਸਮਰੱਥ, ਬੁੱਧੀ, ਲੰਬੀ ਉਮਰ ਨਾਲ ਅੱਗੇ ਵਧੋ; ਇਹੀ ਤੁਹਾਡੇ ਲਈ ਸਾਡੀ ਪ੍ਰਾਰਥਨਾ ਹੈ।

ਤੁਹਾਡੇ ਸੇਵਕ,
ਪਾ: ਸੈਮ ਅਤੇ ਸੈਮਸਨ।

---

(ਚਲਦਾ ਸਫਾ 1 ਤੋਂ)

ਇੱਕ ਸ਼ਹਿਰ ਵਿੱਚ ਮੈਂ ਕੁਝ ਮੁੱਠੀ ਭਰ ਜਵਾਨ ਸੇਵਕਾਂ ਨੂੰ ਜਾਣਦਾ ਹਾਂ ਜਿਹੜੇ ਪ੍ਰਭੂ ਨਾਲ ਸਮਾਂ ਬਿਤਾਉਂਦੇ ਹਨ। ਜਦੋਂ ਉਹ ਪ੍ਰਮੇਸ਼ਵਰ ਦੇ ਵਚਨ ਨੂੰ ਪ੍ਰਚਾਰ ਕਰਦੇ ਹਨ ਤਾਂ ਉਹ ਸਮਰੱਥ ਅਰ ਅਧਿਕਾਰ ਨਾਲ ਬੋਲਦੇ ਹਨ। ਉਨ੍ਹਾਂ ਦਾ ਜੀਵਨ ਵੀ ਗਵਾਹੀ ਦਿੰਦਾ ਹੈ ਕਿ ਉਨ੍ਹਾਂ ਦਾ ਪ੍ਰਭੂ ਨਾਲ ਇੱਕ ਮਜਬੂਤ ਅਰ ਪਵਿੱਤਰ ਰਿਸ਼ਤਾ ਹੈ ਅਤੇ ਉਹ ਆਪਣੀ ਕਲੀਸਿਆ ਵਿੱਚ ਵੀ ਇੱਕ ਸਕਾਰਾਤਮਕ ਬਦਲਾਵ ਵੇਖਣ ਲੱਗੇ ਹਨ।

ਮੈਨੂੰ ਇੱਕ ਬੈਪਟਿਸਟ ਪਾਸਟਰ ਦਾ ਵੀ ਚੇਤਾ ਆਉਂਦਾ ਹੈ ਜੋ ਇੱਕ ਸਮੇਂ ਇੱਕ ਵੱਡੀ ਚਰਚ ਇਮਾਰਤ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਕਲੀਸਿਆ ਵੀ ਤੇਜੀ ਨਾਲ ਵਧ ਰਹੀ ਸੀ। ਪਰੰਤੂ ਉਸੇ ਵੇਲੇ ਉਨ੍ਹਾਂ ਦੀ ਪਤਨੀ ਰੂਹ ਦੀ ਅਗਵਾਈ ਨਾਲ ਪ੍ਰਾਰਥਨਾ ਵਿੱਚ ਵਧਣ ਲੱਗੀ ਅਤੇ ਫਿਰ ਪਾਸਟਰ ਨਾਲ ਵੀ ਉੰਝ ਹੀ ਹੋਇਆ। ਤੁਰੰਤ ਉਨ੍ਹਾਂ ਨੇ ਵੱਡੀ ਕਲੀਸਿਆ ਦਾ ਖਿਆਲ ਛੱਡ ਦਿੱਤਾ ਅਤੇ ਆਪਣੇ ਪ੍ਰਚਾਰ ਨੂੰ ਆਪਣੇ ਜੀਵਨ ਦੀ ਗਵਾਹੀ ਵਿੱਚੋਂ ਵਿਖਾਉਣਾ ਸ਼ੁਰੂ ਕਰ ਦਿੱਤਾ।

ਹਾਲ ਹੀ ਵਿੱਚ ਉਸ ਪਾਸਟਰ ਨੇ ਪ੍ਰਚਾਰ ਦੌਰਾਨ ਕਲੀਸਿਆ ਸਾਹਮਣੇ ਇੱਕ ਵੱਡੀ ਸਕ੍ਰੀਨ ਲਗਾਈ। ਉਸਨੇ ਕਲੀਸਿਆ ਨੂੰ ਆਖਿਆ, "ਪ੍ਰਮੇਸ਼ਵਰ ਦਾ ਆਤਮਾ ਇਸ ਕਲੀਸਿਆ ਦੇ ਪਾਪਾਂ ਬਾਰੇ ਮੇਰੇ ਨਾਲ ਗੱਲ ਕਰ ਰਿਹਾ ਹੈ; ਅਰ ਅੱਜ ਅਸੀਂ ਉਨ੍ਹਾਂ ਪਾਪਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਵੇਖਾਂਗੇ!"

ਫਿਰ ਪਾਸਟਰ ਨੇ ਇੱਕ ਇੱਕ ਕਰਕੇ ਪਾਪ ਸਕ੍ਰੀਨ ਤੇ ਵਿਖਾਉਣੇ ਸ਼ੁਰੂ ਕੀਤੇ: ਹਰਾਮਕਾਰੀ, ਵਿਭਚਾਰ, ਸ਼ਰਾਬਨੋਸ਼ੀ, ਨਸ਼ਾ, ਪੋਰਨੋਗ੍ਰਾਫੀ। ਫਿਰ ਉਸਨੇ ਆਪਣਾ ਸੰਦੇਸ਼ ਸ਼ੁਰੂ ਕੀਤਾ: "ਅਸੀਂ ਇਸ ਵੇਲੇ ਵੱਡੀ ਚਰਚ ਇਮਾਰਤ ਦੀ ਉਸਾਰੀ ਨਹੀਂ ਕਰਾਂਗੇ। ਸਾਨੂੰ ਹੋਰ ਕੁਝ ਵੀ ਕਰਨ ਤੋਂ ਪਹਿਲਾਂ ਆਪਣੀ ਵੇਦੀ ਨੂੰ ਸੁਧਾਰਨਾ ਪਵੇਗਾ। ਪਹਿਲਾਂ ਸਾਨੂੰ ਸੁਸਮਾਚਾਰ ਨੂੰ ਜੀਣਾ ਪਵੇਗਾ!"

ਅੱਜ ਉਸ ਚਰਚ ਵਿੱਚ ਪ੍ਰਮੇਸ਼ਵਰ ਦਾ ਰੂਹ ਸਾਮਰਥੀ ਰੂਪ ਨਾਲ ਕੰਮ ਕਰ ਰਿਹਾ ਹੈ। ਲੋਕ ਆਪਣੇ ਜੀਵਨਾਂ ਨੂੰ ਸੁਧਾਰ ਕੇ ਭੀੜਾਂ ਦੀਆਂ ਭੀੜਾਂ ਉਸ ਕਲੀਸਿਆ ਵਿੱਚ ਸ਼ਾਮਲ ਹੋ ਰਹੇ ਹਨ ਕਿਉਂਕਿ ਉਹ ਉਸ ਸੁਸਮਾਚਾਰ ਨੂੰ ਸੁਣ ਰਹੇ ਹਨ ਜਿਸਦਾ ਪ੍ਰਮਾਣ ਜੀਵਨ ਦੀ ਗਵਾਹੀ ਵੀ ਦੇ ਰਹੀ ਹੈ।

ਮੈਂ ਇਹ ਵੇਖ ਕੇ ਹੈਰਾਨ ਅਰ ਪਰੇਸ਼ਾਨ ਹਾਂ ਕਿ ਕਿਵੇਂ ਭਾਰੀ ਗਿਣਤੀ ਵਿੱਚ ਜਵਾਨ ਅਰ ਬਜ਼ੁਰਗ ਸੇਵਕ ਆਪਣੀਆਂ ਕਲੀਸਿਆਵਾਂ ਵਿੱਚ ਵਾਧਾ ਕਰਨ ਦੇ ਢੰਗ ਸਿੱਖਣ ਲਈ ਸੰਸਾਰ ਭਰ ਵਿੱਚ ਨੱਸੇ ਫਿਰਦੇ ਹਨ। ਬਹੁਤ ਸਾਰੇ ਪ੍ਰਚਾਰਕ ਸੇਮੀਨਾਰ, ਕਨਵੈਂਸ਼ਨਾਂ ਅਰ ਵਿਚਾਰ ਕੁੰਡਾਂ ਵਿੱਚ ਜਾਂਦੇ ਹਨ। ਜਿੱਥੇ ਸੇਵਕਾਈ ਵਿੱਚ ਪ੍ਰੋਫੈਸ਼ਨਲ ਨੌਜਵਾਨ ਚਾਰਟਾਂ, ਅਰ ਅੰਕੜਿਆਂ ਦੇ ਅਧਾਰ ਤੇ ਉਨ੍ਹਾਂ ਨੂੰ ਵੱਡੇ ਚਰਚ ਸਥਾਪਿਤ ਕਰਨ ਦੀ ਸਿੱਖਿਆ ਦਿੰਦੇ ਹਨ। ਕਈ ਹੋਰ ਸੇਵਕ ਬੇਦਾਰੀ ਸਭਾਵਾਂ ਵਿੱਚ ਇਹ ਸਿੱਖਣ ਜਾਂਦੇ ਹਨ ਕਿ ਕਿਵੇਂ ਆਪਣੇ ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਨਾਲ ਭਰਿਆ ਜਾਵੇ?

ਅੱਜ, ਮਿਸ਼ਨ ਸੋਸਾਇਟੀਆਂ ਵੱਡੀ ਗਿਣਤੀ ਵਿੱਚ ਸੇਵਕਾਂ ਨੂੰ ਭੇਜ ਰਹੀਆਂ ਹਨ। ਉਨ੍ਹਾਂ ਦੀ ਇਹੀ ਚਿੱਲਾਹਟ ਹੈ, "ਸਾਨੂੰ ਮਿਸ਼ਨ ਖੇਤਰ ਵਿੱਚ ਹੋਰ ਮਾਨਵ ਸ਼ਕਤੀ ਦੀ ਲੋੜ ਹੈ; ਰਾਸ਼ਟਰਾਂ ਨੂੰ ਮਸੀਹ ਵਾਸਤੇ ਜਿੱਤਣ ਲਈ ਹੋਰ ਵਧੇਰੇ ਯੋਗ ਪੁਰਸ਼ਾਂ ਅਰ ਇਸਤਰੀਆਂ ਦੀ ਲੋੜ ਹੈ"।

ਪਰੰਤੂ ਉਨ੍ਹਾਂ ਭੇਜਿਆਂ ਹੋਇਆਂ 'ਚੋਂ

---

ਬੁਲਾਵੇ ਦੀ ਗੂੰਜ ਸੇਵਕਾਈਆਂ, ਬੁਲਾਵੇ ਦੀ ਗੂੰਜ ਮੈਗਜ਼ੀਨ ਦੇ ਸਬਸਕ੍ਰਿਪਸ਼ਨ ਅਤੇ ਤੁਹਾਡੇ ਜਿਹੇ ਮਿੱਤਰਾਂ ਦੇ ਵੱਲੋਂ ਖੁਸ਼ੀ ਨਾਲ ਭੇਜੇ ਜਾਂਦੇ ਅਨੁਦਾਨਾਂ ਨਾਲ ਚੱਲਦੀਆਂ ਹਨ। ਪ੍ਰਮੇਸ਼ਵਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ (2 ਕੁਰਿੰਥੀਆਂ 9:7)। ਸਭਨਾਂ ਲਈ- ਹਰ ਕੀਮਤ ਤੇ- ਹਰ ਢੰਗ ਨਾਲ- ਕਿਸੇ ਵੀ ਢੰਗ ਨਾਲ (1 ਕੁਰਿੰਥੀਆਂ 9:22)।

-ਸੰਪਾਦਕ

ਬਹੁਤ ਸਾਰੇ ਕੁਝ ਸਾਲਾਂ ਵਿੱਚ ਹੀ ਘਰਾਂ ਨੂੰ ਵਾਪਸ ਮੁੜ ਆਉਂਦੇ ਹਨ। ਸ਼ੈਤਾਨੀ ਤਾਕਤਾਂ ਕੋਲੋਂ ਸਤਾਓ, ਨਿਰਾਸ਼ਾ ਅਰ ਹਾਰ ਦਾ ਸਾਹਮਣਾ ਕਰਦੇ ਹਨ। ਕਿਉਂ? ਉਨ੍ਹਾਂ ਦਾ ਜੀਵਨ ਉਸ ਸੁਸਮਾਚਾਰ ਨਾਲ ਮੇਲ ਨਹੀਂ ਖਾਂਦਾ ਜੋ ਉਹ ਪ੍ਰਚਾਰ ਕਰਦੇ ਹਨ! ਉਨ੍ਹਾਂ ਦਾ ਮਸੀਹ ਨਾਲ ਕੋਈ ਨਿੱਜੀ ਰਿਸ਼ਤਾ ਨਹੀਂ ਹੁੰਦਾ ਅਰ ਨਾ ਹੀ ਪਵਿੱਤਰ ਆਤਮਾ ਨਾਲ ਭਰੇ ਹੁੰਦੇ ਹਨ।

ਪਿਆਰਿਓ, ਸੰਸਾਰ ਨੂੰ ਮਸੀਹ ਲਈ ਜਿੱਤਣ ਲਈ ਵਿਚਾਰਾਂ ਅਰ ਯੁਕਤੀਆਂ ਤੋਂ ਕੁਝ ਵਧੀਕ ਚਾਹੀਦਾ ਹੈ। ਸਾਡੀਆਂ ਸਭ ਯੋਜਨਾਵਾਂ ਅਸਫਲ ਹੀ ਰਹਿਣਗੀਆਂ ਜੇਕਰ ਯਿਸੂ ਸਾਡੇ ਜੀਵਨ ਦੇ ਹਰ ਹਿੱਸੇ ਵਿੱਚ ਮੌਜੂਦ ਨਹੀਂ।

**ਇਹ ਇਸ ਸਮੇਂ ਦੀ ਤ੍ਰਾਸਦੀ ਹੈ ਜਦੋਂ ਮਸੀਹ ਵਿਰੋਧੀ ਤਾਕਤਾਂ ਪੂਰੇ ਜ਼ੋਰ ਵਿੱਚ ਹਨ!**

ਪੂਰੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੈ ਜਦੋਂ ਦੁਸ਼ਟ ਤਾਕਤਾਂ ਨਰਕ ਦੀ ਗੰਦਗੀ ਵਿੱਚੋਂ ਇਨੀਂ ਤੇਜੀ ਨਾਲ ਨਿਕਲੀਆਂ ਆ ਰਹੀਆਂ ਹਨ। ਕੁਧਰਮ ਧਰਤੀ ਉੱਤੇ ਵਧਦਾ ਜਾ ਰਿਹਾ ਹੈ, ਕੌਮ ਕੌਮ ਦੇ ਵਿਰੁੱਧ ਖੜੀ ਹੈ। ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਸ਼ੈਤਾਨ ਨੇ ਸੰਤਾਂ ਦੇ ਵਿਰੁੱਧ ਆਪਣੇ ਆਖਰੀ ਯੁੱਧ ਲਈ ਦੁਸ਼ਟ ਤਾਕਤਾਂ ਨੂੰ ਛੱਡ ਦਿੱਤਾ ਹੈ।

ਹਾਲਾਂਕਿ ਸੰਸਾਰ ਵਿੱਚ ਅਜਿਹਾ ਕੁਝ ਨਹੀਂ ਵਾਪਰਦਾ ਜਿਸ ਕੋਲੋਂ ਪ੍ਰਮੇਸ਼ਵਰ ਅਣਜਾਣ ਹੋਵੇ। ਉਹ ਨਸ਼ੇ ਦੀ ਮਹਾਂਮਾਰੀ ਅਰ ਗਰਭਪਾਤ ਦੁਆਰਾ ਵਹਾਏ ਜਾ ਰਹੇ ਲਹੂ ਤੋਂ ਅਚੰਭਿਤ ਨਹੀਂ ਹੈ। ਫਿਰ ਇਸ ਅਰਾਜਕਤਾ ਅਰ ਉੱਥਲ ਪੁੱਥਲ ਦੇ ਸਮੇਂ ਵਿੱਚ ਉਸਦਾ ਕੀ ਪ੍ਰਤੀਉੱਤਰ ਹੈ? ਇਸ ਪ੍ਰਮੇਸ਼ਵਰ ਤਿਆਗ ਵਧ ਰਹੀਆਂ ਦੁਸ਼ਟ ਤਾਕਤਾਂ ਵਿਰੁੱਧ ਉਹ ਕੀ ਕਰ ਰਿਹਾ ਹੈ? ਅਜਿਹੇ ਤਬਾਹੀ ਦੇ ਸਮੇਂ ਵਿੱਚ ਪ੍ਰਮੇਸ਼ਵਰ ਕੀ ਕਰੇਗਾ?

ਉਸਦਾ ਜਵਾਬ ਪਹਿਲਾਂ ਵਾਂਗ ਹੀ ਹੈ- ਮਸੀਹ ਦੀ ਜਿੱਤ ਨੂੰ ਇੱਕ ਨਵੇਂ ਢੰਗ ਨਾਲ ਵਿਖਾਉਣਾ।ਪ੍ਰਮੇਸ਼ਵਰ ਸਦਾ ਕੁਝ ਅਜਿਹੇ ਨਵੇਂ ਪੁਰਖਾਂ ਅਰ ਇਸਤਰੀਆਂ ਨੂੰ ਖੜਾ ਕਰਦਾ ਹੈ ਜਿਹੜੇ ਉਸਦੀ ਮੁਕਤੀ ਅਤੇ ਸ਼ੁੱਧ ਕਰਨ ਵਾਲੀ ਤਾਕਤ ਦੀ ਪਵਿੱਤਰ ਸਾਖੀ ਹੁੰਦੇ ਹਨ। ਅੱਜ ਵੀ ਅਜਿਹਾ ਹੀ ਹੈ। ਇਸ ਮਸੀਹ ਵਿਰੋਧੀ ਦੇ ਸਮੇਂ ਵਿੱਚ ਉਸਦੀ ਯੋਜਨਾ ਅਜਿਹੇ ਮਸੀਹ ਨਾਲ ਭਰੇ ਹੋਏ ਭਗਤ ਯੋਧਿਆਂ ਨੂੰ ਖੜਾ ਕਰਨ ਦੀ ਹੈ ਜਿਹੜੇ ਪ੍ਰਮੇਸ਼ਵਰ ਦੀ ਸੰਪੂਰਨ ਅਧੀਨਗੀ ਅਰ ਆਗਿਆਕਾਰੀ ਵਿੱਚ ਜੀਣਗੇ।

**ਅਸੀਂ ਇਹ ਚਲਣ ਪੂਰੀ ਬਾਈਬਲ ਵਿੱਚ ਵੇਖਦੇ ਹਾਂ!**

ਮਿਸਰ ਵਿੱਚ ਇਸਰਾਏਲੀਆਂ ਦੀ ਬੁਰੀ ਹਾਲਤ ਬਾਰੇ ਸੋਚੋ।ਪ੍ਰਮੇਸ਼ਵਰ ਦੀ ਕੌਮ ਤਬਾਹੀ ਵਿੱਚ ਸੀ ਅਰ ਉਸਨੂੰ ਤਿਆਗ ਚੁੱਕੀ ਸੀ। ਇਸਰਾਏਲ ਸ਼ੈਤਾਨ ਦੇ ਪੰਜੇ ਹੇਠ ਸੀ ਅਤੇ ਉਹ ਰਾਜਨੀਤਕ ਤਾਕਤਾਂ ਨੂੰ ਵੀ ਇਸਤੇਮਾਲ ਕਰ ਰਿਹਾ ਸੀ ਕਿ ਉਹ ਇਸਰਾਏਲੀਆਂ ਦੇ ਵਿਰੁੱਧ ਉਨ੍ਹਾਂ ਨੂੰ ਦੁੱਖ ਦੇਣ ਵਾਲੇ ਕਨੂੰਨ ਬਣਾਉਣ। ਸ਼ੈਤਾਨ, ਪ੍ਰਮੇਸ਼ਵਰ ਦੀ ਧਰਤੀ ਉੱਪਰਲੀ ਸਾਖੀ ਦਾ ਮਜ਼ਾਕ ਬਣਾ ਰਿਹਾ ਸੀ।

ਇਸਰਾਏਲ ਦੇ ਇਤਿਹਾਸ ਵਿੱਚ ਇਹ ਇੱਕ ਅੰਧਕਾਰ ਭਰਿਆ ਸਮਾਂ ਸੀ। ਲੋਕ ਨਿਰਾਸ਼ ਹੋ ਚੁੱਕੇ ਸਨ। ਉਹ ਪ੍ਰਮੇਸ਼ਵਰ ਤੋਂ ਦੂਰ ਹੋ ਕੇ ਮਿਸਰ ਦੇ ਭੋਗ ਵਿਲਾਸਾਂ ਵਿੱਚ ਫਸ ਚੁੱਕੇ ਸਨ। ਮੂਰਤੀਪੂਜਾ ਅਰ ਹਰਾਮਕਾਰੀ ਦੀ ਅਥਾਹ ਹੋ ਚੁੱਕੀ ਸੀ। ਇਸਰਾਏਲ ਦੀ ਦਸ਼ਾ ਆਸ਼ਾਹੀਣ ਹੋ ਚੁੱਕੀ ਸੀ। ਉਨ੍ਹਾਂ ਦਾ ਵਿਸ਼ਵਾਸ ਮਰਦਾ ਜਾ ਰਿਹਾ ਸੀ।

ਅੰਧਕਾਰ ਦੀ ਇਸ ਵਧਦੀ ਹੋਈ ਤਾਕਤ ਵਿੱਚ ਪ੍ਰਮੇਸ਼ਵਰ ਦਾ ਕੀ ਜਵਾਬ ਸੀ? ਕੀ ਉਸਨੇ ਮਿਸਰ ਦੇ ਗਵਾਂਢੀ ਰਾਸ਼ਟਰਾਂ ਨੂੰ ਮਿਸਰ ਖਿਲਾਫ ਉਭਾਰਿਆ? ਕੀ ਉਸਨੇ ਮਿਸਰੀਆਂ ਅੰਦਰ ਹੀ ਗ੍ਰਹਿ ਯੁੱਧ ਸ਼ੁਰੂ ਕਰਵਾਇਆ? ਕੀ ਉਸਨੇ ਸਜ਼ਾ ਦੇਣ ਲਈ ਸਵਰਗਦੂਤਾਂ ਨੂੰ ਘੱਲਿਆ? ਨਹੀਂ- ਪ੍ਰਮੇਸ਼ਵਰ ਨੇ ਅਜਿਹਾ ਕੁਝ ਨਹੀਂ ਕੀਤਾ। ਉਸ ਕੋਲ ਬਿਲਕੁਲ ਅਲੱਗ ਯੋਜਨਾ ਸੀ। ਉਸਨੇ ਇੱਕ ਮਨੁੱਖ ਨੂੰ ਖੜਾ ਕੀਤਾ ਜਿਸਦਾ ਨਾਮ ਮੂਸਾ ਸੀ।

ਮੂਸਾ ਇੱਕ ਪ੍ਰਾਰਥਨਾ ਕਰਨ ਵਾਲਾ ਅਰ ਪ੍ਰਮੇਸ਼ਵਰ ਉੱਤੇ ਨਿਹਚਾ ਕਰਨ ਵਾਲਾ ਮਨੁੱਖ ਸੀ। ਉਸਨੇ ਮਿਸਰ ਦੇ ਸੁੱਖ ਵਿਲਾਸਾਂ ਨੂੰ ਨਾਂਹ ਆਖਿਆ ਅਰ ਉਸਨੇ ਪਵਿੱਤਰ ਆਤਮਾ ਦੇ ਅਧੀਨ ਰਹਿਣਾ ਸਵੀਕਾਰ ਕੀਤਾ। ਉਸਦਾ ਆਪਣਾ ਕੋਈ ਏਜੰਡਾ ਜਾਂ ਇੱਛਾ ਨਹੀਂ ਸੀ। ਉਸਨੇ ਆਪਣੀ ਸਾਰੀ ਯੋਗਤਾ ਨੂੰ ਤਿਆਗ ਕੇ ਮੈਂ ਜੋ ਹਾਂ ਉੱਤੇ ਆਪਣਾ ਸੰਪੂਰਨ ਭਰੋਸਾ ਕੀਤਾ। ਅਤੇ ਉਹ ਪਵਿੱਤਰ ਸਥਾਨ ਵਿੱਚ ਪ੍ਰਮੇਸ਼ਵਰ ਦਾ ਨਿੱਜੀ ਅਨੁਭਵ ਲੈ ਕੇ ਆਇਆ।

ਇਸਰਾਏਲ ਦੇ ਅੰਧਕਾਰ ਦੇ ਸਮੇਂ ਵਿੱਚ ਜਦੋਂ ਇਹ ਲਗਦਾ ਸੀ ਕਿ ਪ੍ਰਮੇਸ਼ਵਰ ਦੇ ਲੋਕ ਦੁਸ਼ਮਣ ਦਾ ਸ਼ਿਕਾਰ ਬਣ ਜਾਣਗੇ ਪ੍ਰਮੇਸ਼ਵਰ ਨੇ ਇੱਕੋ ਮਨੁੱਖ ਨੂੰ ਖੜਾ ਕੀਤਾ ਜੋ ਇੱਕ ਸਾਖੀ ਵੱਜੋਂ ਹੋਵੇ। ਅਰ ਇਸ ਇੱਕੋ ਮਨੁੱਖ ਨੇ ਇੱਕ ਕੌਮ ਨੂੰ ਗਿਰਾ ਦਿੱਤਾ ਅਰ ਦੂਜੀ ਨੂੰ ਖੜ੍ਹੀ ਕਰ ਦਿੱਤਾ।ਪ੍ਰਮੇਸ਼ਵਰ ਨੇ ਇਹ ਸਭ ਇੱਕ ਵਿਅਕਤੀ ਦੁਆਰਾ ਹੀ ਕਰ ਦਿੱਤਾ!

**ਸਮੂਏਲ ਦੇ ਜੀਵਨ ਵਿੱਚ ਵੀ ਅਸੀਂ ਇਸੇ ਯੋਜਨਾ ਨੂੰ ਵੇਖਦੇ ਹਾਂ!**

ਇੱਥੇ ਵੀ ਅਸੀਂ ਇੱਕ ਪੀੜ੍ਹੀ ਨੂੰ ਵੇਖਦੇ ਹਾਂ ਜਿਹੜੀ ਪ੍ਰਮੇਸ਼ਵਰ ਨੂੰ ਤਿਆਗ ਕੇ ਦੁਸ਼ਟਤਾ ਵਿੱਚ ਚਲੀ ਗਈ ਸੀ। ਇਸ ਸਮੇਂ ਵਾਚਾ ਦਾ ਸੰਦੂਕ ਇਸਰਾਏਲ ਵਿੱਚੋਂ ਜਾ ਚੁੱਕਾ ਸੀ। ਏਲੀ ਮਹਾਂਯਾਜਕ ਸੁਸਤੀ ਅਤੇ ਸੰਤੁਸ਼ਟਤਾ ਦਾ ਜੀਵਨ ਜੀਅ ਰਿਹਾ ਸੀ ਅਰ ਉਸਦੇ ਪੁੱਤਰ ਯਾਜਕਾਈ ਦਾ ਦੁਰਉਪਯੋਗ ਕਰ ਰਹੇ ਸਨ। ਉਨ੍ਹਾਂ ਦੀ ਅਗਵਾਈ ਵਿੱਚ ਹਰਾਮਕਾਰੀ ਅਤੇ ਵਿਭਚਾਰ ਮੰਦਰ ਵਿੱਚ ਬੇਕਾਬੂ ਹੋ ਚੁੱਕਾ ਸੀ। ਅਰ ਏਲੀ ਆਪਣੇ ਜੀਵਨ ਦੇ ਆਰਾਮ ਵਿੱਚ ਇਨਾਂ ਢਲ ਚੁੱਕਾ ਸੀ ਕਿ ਉਸਨੇ ਅਜਿਹੀ ਬੁਰਾਈ ਨੂੰ ਰੋਕਣ ਲਈ ਕੁਝ ਨਾ ਕੀਤਾ।

ਇੱਕ ਸਮੇ ਪ੍ਰਮੇਸ਼ਵਰ ਨੇ ਸਮੁੱਚੇ ਧਾਰਮਿਕ ਪ੍ਰਬੰਧ ਲਈ "ਇਖਾਬੋਦ" ਸ਼ਬਦ ਲਿਖ ਦਿੱਤਾ ਜਿਸਦਾ ਅਰਥ ਸੀ "ਪ੍ਰਮੇਸ਼ਵਰ ਦਾ ਆਤਮਾ ਜਾ ਚੁੱਕਾ ਹੈ"। ਇੱਕ ਵਾਰ ਫੇਰ ਸ਼ੈਤਾਨੀ ਤਾਕਤਾਂ ਪੂਰੀ ਤਾਕਤ ਵਿੱਚ ਸਨ। ਅਰ ਇਨਸਾਨੀ ਅੱਖਾਂ ਨਾਲ ਇੰਝ ਦਿਸਦਾ ਸੀ ਕਿ ਪ੍ਰਮੇਸ਼ਵਰ ਦਾ ਕੰਮ ਸਮਾਪਤ ਹੋ ਚੁੱਕਾ ਸੀ ਅਰ ਪੁਨਰਨਿਰਮਾਣ ਅਸੰਭਵ ਜਾਪਦਾ ਸੀ।

ਪਰੰਤੂ ਪ੍ਰਮੇਸ਼ਵਰ ਕੋਲ ਇਸ ਸਭ ਲਈ ਇੱਕ ਵਿਅਕਤੀ ਸੀ- ਛੋਟਾ ਬਾਲਕ ਸਮੂਏਲ। ਜਦੋਂ ਉਸਦੇ ਇਰਦ ਗਿਰਦ ਸਭ ਸੇਵਕ ਹਰਾਮਕਾਰੀ ਅਰ ਪੇਟੂਪਨ ਵਿੱਚ ਪਏ ਹੋਏ ਸਨ, ਸਮੂਏਲ ਪ੍ਰਮੇਸ਼ਵਰ ਦੀ ਅਵਾਜ਼ ਨੂੰ ਸੁਣਨਾ ਸਿੱਖ ਰਿਹਾ ਸੀ। ਅਰ ਜਦੋਂ ਉਹ ਪ੍ਰਮੇਸ਼ਵਰ ਨਾਲ ਰਿਸ਼ਤੇ ਵਿੱਚ ਹੋਰ ਮਜ਼ਬੂਤ ਹੁੰਦਾ ਗਿਆ ਪਵਿੱਤਰ ਆਤਮਾ ਨੇ ਉਸਨੂੰ ਨਬੂਵਤ ਨਾਲ ਭਰ ਦਿੱਤਾ। ਉਹ ਇੱਕ ਸਾਖੀ ਬਣ ਗਿਆ- ਪ੍ਰਮੇਸ਼ਵਰ ਦੀ ਸਮਰੱਥ ਦਾ ਜ਼ਿੰਦਾ ਪ੍ਰਮਾਣ।

ਬਾਈਬਲ ਦੱਸਦੀ ਹੈ ਕਿ ਜਿਵੇਂ ਜਿਵੇਂ ਸਮੂਏਲ ਵੱਡਾ ਹੁੰਦਾ ਗਿਆ, ਉਸਦਾ ਇੱਕ ਵੀ ਸ਼ਬਦ ਅਧੂਰਾ ਨਾ ਰਿਹਾ- ਭਾਵ ਉਹ ਸਮਰੱਥ ਅਰ ਅਧਿਕਾਰ ਨਾਲ ਬੋਲਦਾ ਰਿਹਾ। ਅਰ ਉਸਦੀ ਈਸ਼ਵਰੀ ਸਮਰੱਥ ਕਰਕੇ ਚਾਲੀ ਵਰ੍ਹੇ ਤੋਂ ਵੀ ਵੱਧ ਸਮੇ ਤੱਕ ਕੋਈ ਵੀ ਕੌਮ ਇਸਰਾਏਲ ਖਿਲਾਫ ਹੱਥ ਨਾ ਉਠਾ ਸਕੀ।

(ਚਲਦਾ ਸਫਾ 6-)

## GREAT COMMISSION PARTNERS -ਮਹਾਨ ਉਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਤਾਰੀਫ ਦੇ ਮੁੱਦੇ

## 19 ਜਨਵਰੀ 2021 ਤੋਂ 18 ਫਰਵਰੀ 2021 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!
### ਵਡਿਆਈ ਦੇ ਮੁੱਦੇ

19 ਜਨਵਰੀ: ਪ੍ਰਮੇਸ਼ਵਰ ਨੇ ਸਾਡੀ ਨਵੇਂ ਸਾਲ ਦੀ ਸਭਾ ਨੂੰ ਬਰਕਤ ਦਿੱਤੀ।

20 ਜਨਵਰੀ: ਪ੍ਰਮੇਸ਼ਵਰ ਨੇ ਦਸੰਬਰ ਮਹੀਨੇ ਦੀਆਂ ਸਾਡੀਆਂ ਸਭ ਚਰਚ ਗਤੀਵਿਧੀਆਂ ਨੂੰ ਅਸੀਸ ਦਿੱਤੀ।

21 ਜਨਵਰੀ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਸੁਸਮਾਚਾਰ ਸਾਹਿਤ ਨੂੰ ਬਰਕਤ ਦਿੱਤੀ ਅਤੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

22 ਜਨਵਰੀ: ਪ੍ਰਮੇਸ਼ਵਰ ਨੇ ਮਨੀਪੁਰੀ ਭਾਸ਼ਾ ਵਿੱਚ ਬੁਲਾਵੇ ਦੀ ਗੂੰਜ ਸ਼ੁਰੂ ਕਰਨ ਵਿੱਚ ਸਾਡੀ ਮਦਦ ਕੀਤੀ।

23 ਜਨਵਰੀ: ਪ੍ਰਮੇਸ਼ਵਰ ਨੇ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੀਆਂ ਆਨਲਾਈਨ ਜਮਾਤਾਂ ਨੂੰ ਅਸੀਸ ਦਿੱਤੀ।

24 ਜਨਵਰੀ: ਅਸੀਂ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਅਧਿਆਪਕਾਂ ਲਈ ਪ੍ਰਭੂ ਦਾ ਧੰਨਵਾਦ ਕਰੀਏ।

25 ਜਨਵਰੀ: ਅਸੀਂ ਸਾਡੇ ਬਾਈਬਲਕੋਰ-ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

26 ਜਨਵਰੀ: ਅਸੀਂ ਸਾਡੇ ਸਭ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

27 ਜਨਵਰੀ: ਹੋਰਨਾਂ ਭਾਸ਼ਾਵਾਂ ਵਿੱਚ ਵੀ ਬੁਲਾਵੇ ਦੀ ਗੂੰਜ ਨੂੰ ਪ੍ਰਕਾਸ਼ਿਤ ਕਰਨ ਦੇ ਦਰਸ਼ਨ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

28 ਜਨਵਰੀ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਮਹਾਂ-ਆਦੇਸ਼ ਸਹਿਭਾਗੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

29 ਜਨਵਰੀ: ਸਾਡੇ ਬਾਈਬਲ ਕਾਲਜ ਦੇ ਮੁੜ ਖੁੱਲਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

30 ਜਨਵਰੀ: ਪ੍ਰਮੇਸ਼ਵਰ ਨੇ ਸਾਡੀਆਂ ਸਭ ਮਿਸ਼ਨ ਯਾਤਰਾਵਾਂ ਨੂੰ ਬਰਕਤ ਦਿੱਤੀ।

31 ਜਨਵਰੀ: ਸਾਡੇ ਸਟੇਟ ਕੋਆਰਡੀਨੇਟਰਾਂ ਲਈ ਪ੍ਰਮੇਸ਼ਵਰ ਦੀ ਮਹਿਮਾ ਕਰੀਏ।

01 ਫਰਵਰੀ: ਪ੍ਰਮੇਸ਼ਵਰ ਨੇ ਬੁਲਾਵੇ ਦੀ ਗੂੰਜ ਦੀਆਂ ਪਿਛਲੇ ਮਹੀਨੇ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦਿੱਤੀ।

02 ਫਰਵਰੀ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

03 ਫਰਵਰੀ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਨਵੀਆਂ ਰੂਹਾ ਨੂੰ ਸਾਡੀ ਕਲੀਸਿਆ ਵਿੱਚ ਜੋੜਿਆ।

### ਪ੍ਰਾਰਥਨਾ ਦੇ ਮੁੱਦੇ

04 ਫਰਵਰੀ: ਪ੍ਰਮੇਸ਼ਵਰ 2021 ਵਿੱਚ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਲੋੜੀਂਦਾ ਵਿੱਤ ਮੁਹੱਈਆ ਕਰੇ।

05 ਫਰਵਰੀ: ਪ੍ਰਮੇਸ਼ਵਰ ਸਾਡੇ ਉਨ੍ਹਾਂ ਮਿੱਤਰਾਂ ਨੂੰ ਬਰਕਤ ਦੇਵੇ ਜਿਨ੍ਹਾਂ ਨੇ 2020 ਵਿੱਚ ਸਾਡੇ ਮਿਸ਼ਨ ਖੇਤਰਾਂ ਦਾ ਦੌਰਾ ਕੀਤਾ।

06 ਫਰਵਰੀ: ਪ੍ਰਮੇਸ਼ਵਰ ਸਾਡੇ ਸਭ ਪਾਠਕਾਂ ਨੂੰ ਸਾਲ 2021 ਵਿੱਚ ਬਰਕਤ ਦੇਵੇ।

07 ਫਰਵਰੀ: ਅਸੀਂ ਲਗਾਤਾਰ ਸਾਡੇ ਅੰਗ੍ਰੇਜ਼ੀ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰੀਏ।

08 ਫਰਵਰੀ: ਅਸੀਂ ਸਾਡੇ ਮਨੀਪੁਰੀ ਭਾਸ਼ਾ ਦੇ ਸਹਾਇਕ ਸੰਪਾਦਕ ਰੈਵ. ਡਾ. ਰਿਸ਼ੀਕਾਂਤਾ ਸੋਰੋਖੈਬਮ ਲਈ ਦੁਆ ਕਰੀਏ।

09 ਫਰਵਰੀ: ਪ੍ਰਮੇਸ਼ਵਰ ਨਸ਼ੇ ਦੇ ਬੰਧਨ ਤੋਂ ਲੋਕਾਂ ਨੂੰ ਅਜ਼ਾਦ ਕਰੇ।

10 ਫਰਵਰੀ: ਪ੍ਰਮੇਸ਼ਵਰ ਮੁਸ਼ਕਿਲ ਖੇਤਰਾਂ ਵਿੱਚ ਸੇਵਾ ਕਰਨ ਵਾਲੇ ਸਾਡੇ ਮਿਸ਼ਨਰੀਆਂ ਨੂੰ ਸੁਰੱਖਿਅਤ ਰੱਖੇ।

11 ਫਰਵਰੀ: ਅਸੀਂ ਉੱਤਰ ਭਾਰਤ ਦੇ ਮਿਸ਼ਨਰੀਆਂ ਦੀ ਸੁਰੱਖਿਆ ਅਤੇ ਅਗਵਾਈ ਲਈ ਪ੍ਰਾਰਥਨਾ ਕਰੀਏ।

12 ਫਰਵਰੀ: ਅਸੀਂ ਸਭ ਦੇਸ਼ਾਂ ਵਿੱਚ ਕੋਰੋਨਾ ਦੇ ਖਾਤਮੇ ਲਈ ਪ੍ਰਾਰਥਨਾ ਕਰੀਏ।

13 ਫਰਵਰੀ: ਸਾਨੂੰ ਸਾਡੇ ਛਾਪੇਖਾਨੇ ਲਈ ਪ੍ਰਮੇਸ਼ਵਰ ਦੀ ਵਿਸ਼ੇਸ਼ ਕਿਰਪਾ ਦੀ ਲੋੜ ਹੈ।

14 ਫਰਵਰੀ: ਸਭ ਮਿਸ਼ਨਾਂ ਦੇ ਮਸੀਹੀ ਆਪਸੀ ਪ੍ਰੇਮ ਵਿੱਚ ਬਣੇ ਰਹਿਣ।

15 ਫਰਵਰੀ: ਪ੍ਰਮੇਸ਼ਵਰ ਸਭ ਦੇਸ਼ਾਂ ਦੇ ਬਾਰਡਰਾਂ ਉੱਤੇ ਸ਼ਾਂਤੀ ਰੱਖੇ।

16 ਫਰਵਰੀ: ਪ੍ਰਮੇਸ਼ਵਰ ਇਸ ਨਵੇਂ ਸਾਲ 2021 ਵਿੱਚ ਸਾਡੇ ਸਭ ਅਦਾਰਿਆਂ ਅਤੇ ਕਰਮਚਾਰੀਆਂ ਉੱਪਰ ਨਵੇਂ ਮਸਹ ਨੂੰ ਭੇਜੇ।

17 ਫਰਵਰੀ: ਸੰਸਾਰ ਦੀਆਂ ਸਭ ਰਾਜਨੀਤਕ ਪਾਰਟੀਆਂ ਅਰ ਉਨ੍ਹਾਂ ਦੇ ਨੇਤਾ ਪ੍ਰਭੂ ਨੂੰ ਜਾਣ ਲੈਣ।

18 ਫਰਵਰੀ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਸਫਾ 4 ਤੋਂ ਚਲਦਾ-)

ਇੱਕ ਵਾਰ ਫਿਰ ਪ੍ਰਮੇਸ਼ਵਰ ਨੇ ਇੱਕੋ ਮਨੁੱਖ ਨੂੰ ਸਮੁੱਚੇ ਰਾਸ਼ਟਰ ਲਈ ਇੱਕ ਸਾਖੀ ਬਣਾਇਆ।ਪ੍ਰਮੇਸ਼ਵਰ ਨੂੰ ਵੱਡੀ ਸੈਨਾ, ਸੰਸਥਾ ਜਾਂ ਕਿਸੇ ਨਵੀਂ ਯੋਜਨਾ ਦੀ ਲੋੜ ਨਹੀਂ। ਉਸਨੂੰ ਕੇਵਲ ਇੱਕੋ ਧਰਮੀ ਇਨਸਾਨ ਚਾਹੀਦਾ ਹੈ- ਜਿਸਦੀ ਸੇਵਕਾਈ ਪੂਰੀ ਤਰਾਂ ਪ੍ਰਮੇਸ਼ਵਰ ਲਈ ਸਮਰਪਿਤ ਹੋਵੇ!

## ਨਹਮਯਾਹ ਦੇ ਸਮੇਂ ਵਿੱਚ ਵੀ ਅਸੀਂ ਇਹੀ ਚਲਣ ਵੇਖਦੇ ਹਾਂ

ਨਹਮਯਾਹ ਦੇ ਦਿਨਾਂ ਵਿੱਚ ਯਰੂਸ਼ਲਮ ਦੀ ਦੀਵਾਰ ਢਹਿ ਚੁੱਕੀ ਸੀ, ਸ਼ਹਿਰ ਪੱਥਰਾਂ ਦਾ ਢੇਰ ਬਣ ਚੁੱਕਾ ਸੀ। ਕਲੀਸਿਆ ਵੀ ਪ੍ਰਮੇਸ਼ਵਰ ਤੋਂ ਦੂਰ ਜਾ ਚੁੱਕੀ ਸੀ, ਕੋਈ ਵੀ ਗਵਾਹ ਨਹੀਂ ਬਚਿਆ ਸੀ। ਦੁਸ਼ਟ ਤਾਕਤਾਂ ਇਸਰਾਏਲੀਆਂ ਨੂੰ ਚਹੁੰ ਪਾਸਿਓਂ ਦੁੱਖ ਦੇ ਰਹੀਆਂ ਸਨ ਅਤੇ ਉਨ੍ਹਾਂ ਦੇ ਹਰੇਕ ਕੰਮ ਦਾ ਠੱਠਾ ਬਣਾ ਰਹੀਆਂ ਸਨ।

ਅਜਿਹੀ ਬਰਬਾਦੀ ਦੇ ਸਮੇਂ ਵਿੱਚ ਪ੍ਰਮੇਸ਼ਵਰ ਨੇ ਕਿੰਝ ਜਵਾਬ ਦਿੱਤਾ? ਕੀ ਉਸਨੇ ਮਦਦ ਲਈ ਸ਼ੂਸ਼ਨ ਵਿੱਚੋਂ ਕੋਈ ਕਾਬਿਲ ਸੈਨਿਕ ਅਧਿਕਾਰੀ ਘੱਲਿਆ? ਵੈਰੀਆਂ ਨੂੰ ਨਾਸ਼ ਕਰਨ ਲਈ ਕੀ ਸ਼ਾਹੀ ਮਹਿਲ ਵਿੱਚੋਂ ਕੋਈ ਸ਼ਾਹੀ ਦਸਤਾ ਘੱਲਿਆ? ਨਹੀਂ ਪ੍ਰਮੇਸ਼ਵਰ ਨੇ ਇੱਕ ਵਾਰ ਫਿਰ ਇੱਕੋ ਮਨੁੱਖ ਨੂੰ ਖੜਾ ਕੀਤਾ ਜਿਸਦਾ ਨਾਂ ਸੀ- ਨਹਮਯਾਹ।

ਇਹ ਮਨੁੱਖ ਪ੍ਰਮੇਸ਼ਵਰ ਦੇ ਬੋਝ ਨਾਲ ਭਰਿਆ ਹੋਇਆ ਸੀ। ਨਹਮਯਾਹ ਨੇ ਆਪਣਾ ਸਮਾਂ ਪ੍ਰਾਰਥਨਾ, ਰੋਜ਼ੇ ਅਤੇ ਵਿਰਲਾਪ ਵਿੱਚ ਬਿਤਾਇਆ ਕਿਉਂਕਿ ਉਹ ਇਸਰਾਏਲ ਦੀ ਹਾਲਤ ਕਾਰਨ ਟੁੱਟਾ ਹੋਇਆ ਸੀ। ਉਹ ਵੀ ਪ੍ਰਮੇਸ਼ਵਰ ਦੇ ਕਲਾਮ ਵਿੱਚੋਂ ਨਬੂਵਤ ਦੀਆਂ ਗੱਲਾਂ ਵੇਖ ਰਿਹਾ ਸੀ ਅਰ ਆਤਮਾ ਨਾਲ ਭਰਿਆ ਹੋਇਆ ਸੀ।

ਭਾਵੇਂ ਨਹਮਯਾਹ ਪਾਤਸ਼ਾਹ ਅਰਤਹਸ਼ਸ਼ਤਾ ਦਾ ਸਾਕੀ ਸੀ ਪਰੰਤੂ ਉਹ ਆਪਣੇ ਚਹੁੰ ਪਾਸੇ ਦੀ ਬੁਰਾਈ ਤੋਂ ਦੂਰ ਰਿਹਾ। ਇਸਰਾਏਲੀਆਂ ਵਿੱਚ ਫੈਲੀ ਵਾਸਨਾ, ਕਤਲੇਆਮ, ਅਤੇ ਦੁਸ਼ਟਤਾ ਦੇ ਵਿਚਕਾਰ ਵੀ ਉਹ ਪ੍ਰਮੇਸ਼ਵਰ ਨਾਲ ਪਵਿੱਤਰਤਾ ਨਾਲ ਚੱਲਦਾ ਰਿਹਾ। ਇਸੇ ਕਰਕੇ ਉਸਦਾ ਪ੍ਰਚਾਰ ਸੁਣਨ ਵਾਲੇ ਵੀ ਮਨ ਦੀ ਸ਼ੁੱਧਤਾ ਨਾਲ ਭਰ ਗਏ।

ਜਲਦੀ ਹੀ ਪਵਿੱਤਰਤਾ ਦੀ ਲਹਿਰ ਸਮੁੱਚੇ ਦੇਸ਼ ਵਿੱਚ ਫੈਲ ਗਈ। "ਯਾਜਕਾਂ ਅਰ ਲੇਵੀਆਂ ਨੇ ਆਪਣੇ ਆਪ ਨੂੰ, ਲੋਕਾਂ ਨੂੰ, ਫ਼ਾਟਕਾਂ ਅਰ ਸ਼ਹਿਰਪਨਾਹ ਨੂੰ ਪਵਿੱਤਰ ਕੀਤਾ (ਨਹਮਯਾਹ 12:30)। ਪ੍ਰਮੇਸ਼ਵਰ ਦਾ ਮੰਦਰ ਵੀ ਸ਼ੁੱਧ ਕੀਤਾ ਗਿਆ ਅਰ ਹਰੇਕ ਸਰੀਰਕ ਚੀਜ਼ ਬਾਹਰ ਸੁੱਟੀ ਗਈ।ਨਹਮਯਾਹ ਨੇ ਕਾਮਿਆਂ ਨੂੰ ਮੰਦਰ ਵਿੱਚ ਇਹ ਆਖ ਕੇ ਭੇਜਿਆ "ਮੈਂ ਚਾਹੁੰਦਾ ਹਾਂ ਕਿ ਗੰਦਗੀ ਦਾ ਹਰੇਕ ਅੰਸ਼ ਬਾਹਰ ਸੁੱਟਿਆ ਜਾਵੇ। ਮੂਰਤੀਪੂਜਾ ਅਰ ਵਾਸਨਾ ਨਾਲ ਸੰਬੰਧਿਤ ਕੋਈ ਵੀ ਵਸਤੂ ਛੱਡੀ ਨਾ ਜਾਵੇ; ਸਭ ਕੁਝ ਬਾਹਰ ਕੱਢਿਆ ਅਰ ਅੱਗ ਨਾਲ ਸਾੜਿਆ ਜਾਵੇ!"

ਪਿਆਰਿਓ, ਬੇਦਾਰੀ ਲਿਆਉਣ ਲਈ ਇਹ ਪ੍ਰਮੇਸ਼ਵਰ ਦਾ ਤਰੀਕਾ ਹੈ। ਸਾਡੇ ਹਿਰਦੇ ਦੇ ਹਰੇਕ ਕੋਨੇ ਨੂੰ ਸਾਫ ਕਰਨਾ, ਜੋ ਗੰਦਗੀ ਅਤੇ ਅਸ਼ੁੱਧਤਾ ਨਾਲ ਭਰਿਆ ਹੋਇਆ ਹੈ। ਉਹ ਕੋਈ ਵੀ ਹਨੇਰੀ ਥਾਂ ਨਹੀਂ ਰਹਿਣ ਦੇਣੀ ਚਾਹੁੰਦਾ।

ਨਹਮਯਾਹ ਨੂੰ ਅਜਿਹੀ ਸਫਾਈ ਕਰਨ ਲਈ ਇਹ ਆਤਮਿਕ ਅਧਿਕਾਰ ਕਿੱਥੋਂ ਮਿਲਿਆ? ਪਾਤਸ਼ਾਹ ਨੇ ਇਹ ਉਸਨੂੰ ਨਹੀਂ ਦਿੱਤਾ। ਕਿਸੇ ਚਰਚ ਬਿਸ਼ਪ ਨੇ ਵੀ ਇਹ ਅਧਿਕਾਰ ਉਸਨੂੰ ਨਹੀਂ ਦਿੱਤਾ। ਉਸਨੇ ਇਹ ਕਿਸੇ ਬਾਇਬਿਲ ਕਾਲਜ ਤੋਂ ਵੀ ਹਾਸਲ ਨਹੀਂ ਕੀਤਾ।

ਨਹਮਯਾਹ ਨੇ ਇਹ ਅਧਿਕਾਰ ਆਪਣੇ ਗੋਡਿਆਂ ਉੱਤੇ- ਹੰਝੂ ਵਹਾ ਕੇ ਅਰ ਟੁੱਟੇ ਹਿਰਦੇ ਨਾਲ ਪ੍ਰਮੇਸ਼ਵਰ ਦੇ ਹਿਰਦੇ ਨੂੰ ਜਾਣ ਕੇ ਹਾਸਲ ਕੀਤਾ। ਕਿਉਂਕਿ ਉਹ ਇੱਕ ਪ੍ਰਾਰਥਨਾ ਕਰਨ ਵਾਲਾ ਵਿਅਕਤੀ ਸੀ ਇਸ ਕਰਕੇ ਉਹ ਸਮੁੱਚੀ ਕੌਮ ਦੇ ਪਾਪਾਂ ਦੀ ਮਾਫੀ ਮੰਗ ਸਕਿਆ: "...ਆਪਣੇ ਦਾਸ ਦੀ ਪ੍ਰਾਰਥਨਾ ਸੁਣ ਜਿਹੜੀ ਮੈਂ ਅੱਜ ਤੇਰੇ ਅੱਗੇ ਦਿਨ ਰਾਤ ਤੇਰੇ ਦਾਸਾਂ ਇਸਰਾਏਲੀਆਂ ਲਈ ਕਰਦਾ ਹਾਂ... ਮੈਂ ਅਤੇ ਮੇਰੇ ਪਿਓ ਦਾਦਿਆਂ ਦੇ ਘਰਾਣੇ ਨੇ ਤੇਰਾ ਪਾਪ ਕੀਤਾ ਹੈ। ਅਸਾਂ ਤੇਰੇ ਵਿਰੁੱਧ ਵੱਡੀਆਂ ਭੈੜੀਆਂ ਗੱਲਾਂ ਕੀਤੀਆਂ ਅਤੇ ਤੇਰੇ ਹੁਕਮਾਂ ਨੂੰ ਨਹੀਂ ਮੰਨਿਆਂ..."(ਨਹਮਯਾਹ 1:6-7)।

## ਹਿਜ਼ਕੀਏਲ ਦੇ ਸਮੇਂ ਵਿੱਚ ਧਰਮ ਤਿਆਗ ਅਰ ਪ੍ਰਮੇਸ਼ਵਰ ਤੋਂ ਦੂਰ ਹੋਣ ਦਾ ਬਿਰਤਾਂਤ ਮਿਲਦਾ ਹੈ- ਅਜਿਹੇ ਸਮੇਂ ਵਿੱਚ ਪ੍ਰਮੇਸ਼ਵਰ ਉਸਦੀ ਸਾਖੀ ਬਣਿਆ!

ਹਿਜ਼ਕੀਏਲ ਦੇ ਸਮੇਂ ਵਿੱਚ ਇਸਰਾਏਲ ਦੁਰਾਚਾਰੀ ਅਰ ਘਮੰਡੀ ਹੋ ਗਿਆ। ਆਦਮੀ ਆਪਣੇ ਗਵਾਂਢੀ ਦੀ ਪਤਨੀ ਨਾਲ ਅਰ ਆਪਣੀ ਨੂੰਹ ਨਾਲ ਜਨਾਹ ਕਰਦੇ ਸਨ। ਨਬੀ ਵੀ ਪ੍ਰਮੇਸ਼ਵਰ ਤੋਂ ਦੂਰ ਅਰ ਧਨ ਦੇ

## ਬੁਲਾਵੇ ਦੀ ਗੂੰਜ ਦੇ ਸਹਿਭਾਗੀ

**ਪ੍ਰਮੇਸ਼ਵਰ ਦੀ ਕਿਰਪਾ ਸਦਕਾ ਬੁਲਾਵੇ ਦੀ ਗੂੰਜ ਦੀਆਂ ਬਹੁਭਾਂਤੀ ਸੇਵਕਾਈਆਂ ਇਸ ਸੇਵਕਾਈ ਦੇ ਨਿਮਲਿਖਿਤ ਕਿਰਿਆਸ਼ੀਲ ਸਹਿਭਾਗੀਆਂ ਦੀ ਸ਼ਮੂਲੀਅਤ ਸਦਕੇ ਹੀ ਸੰਭਵ ਹੋ ਪਾਉਂਦੀਆਂ ਹਨ:**

1. ਪ੍ਰਾਰਥਨਾ ਸਹਿਭਾਗੀ: ਉਹ ਵਿਅਕਤੀ ਜਿਹੜੇ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਲਗਾਤਾਰ ਪ੍ਰਾਰਥਨਾ ਕਰਦੇ ਅਤੇ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਕਰਦੇ ਹਨ।
2. ਸਬਸਕ੍ਰਾਈਬਰ ਸਹਿਭਾਗੀ: ਉਹ ਵਿਅਕਤੀ ਜਿਹੜੇ ਬੁਲਾਵੇ ਦੀ ਗੂੰਜ ਦੇ ਪ੍ਰਕਾਸ਼ਨਾ ਨੂੰ ਹਰ ਵਰ੍ਹੇ ਸਬਸਕ੍ਰਾਈਬ ਕਰਦੇ ਹਨ।
3. ਜੀਵਨ ਸਹਿਭਾਗੀ: ਉਹ ਵਿਅਕਤੀ ਜਿਹੜੇ ਇੱਕੋ ਸਮੇਂ 2000 ਜਾਂ ਇਸਤੋਂ ਵਧੀਕ ਦੀ ਰਾਸ਼ੀ ਭੇਜਦੇ ਹਨ।
4. ਵਿਸ਼ਵਾਸ ਸਹਿਭਾਗੀ: ਉਹ ਵਿਅਕਤੀ ਜਿਹੜੇ ਹਰ ਮਹੀਨੇ ਬੁਲਾਵੇ ਦੀ ਗੂੰਜ ਦੀਆਂ ਗਤੀਵਿਧੀਆਂ ਦੀ ਸਹਾਇਤਾ ਕਰਦੇ ਹਨ।
2. ਮਹਾਂ-ਆਦੇਸ਼ ਸਹਿਭਾਗੀ: ਉਹ ਵਿਅਕਤੀ ਜਿਹੜੇ ਸੰਸਥਾਵਾਂ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ ਸਭ ਚਰਚਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਸੁਸਮਾਚਾਰ ਪ੍ਰਚਾਰ ਲਈ ਇਹ ਕੰਮ ਕਰਦੇ ਹਨ: ਵੰਡਣਾ (ਗਲਾਤੀਆਂ 6:2), ਸਹਾਇਤਾ (ਰੋਮੀਆਂ 12:13), ਤੇਜੀ ਨਾਲ (2 ਤਿਮੋਥਿਉਸ 1:6)।

ਅਸੀਂ ਦਿਲੋਂ ਤੁਹਾਡਾ ਸਵਾਗਤ ਕਰਦੇ ਹਾਂ ਕਿ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਆਤਮਿਕ ਆਰਮੀ ਵਿੱਚ ਸ਼ਾਮਲ ਹੋਵੋ ਅਰ ਰਾਸ਼ਟਰਾਂ ਨੂੰ ਜਿੱਤੋ। ਪ੍ਰਮੇਸ਼ਵਰ ਤੁਹਾਨੂੰ ਬਹੁਤਾਇਤ ਨਾਲ ਬਰਕਤ ਦੇਵੇਗਾ!

-ਪਾ: ਐੱਸ. ਸੈਮ ਸੇਲਵਾ ਰਾਜ
98412 71858, 98410 71858

ਲੋਭੀ ਹੋ ਗਏ ਸਨ ਅਤੇ ਪਵਿੱਤਰ ਅਰ ਅਪਵਿੱਤਰ ਦੀ ਪਛਾਣ ਭੁੱਲ ਚੁੱਕੇ ਸਨ। ਕੌਮ ਦੇ ਆਗੂ ਭੁੱਖੇ ਭੇੜੀਏ ਬਣ ਕੇ ਲੋਭ ਦੀ ਕਮਾਈ ਦੇ ਭੁੱਖੇ, ਖੂਨ ਖਰਾਬਾ ਕਰਨ ਵਾਲੇ, ਅਰ ਲੋਕਾਂ ਨੂੰ ਝੂਠ ਬੋਲਣ ਵਾਲੇ ਹੋ ਗਏ ਸਨ। ਹਲਾਤ ਅੱਜ ਦੇ ਦਿਨ ਵਾਂਗ ਹੀ ਸਨ।

ਆਪਣੇ ਰਾਹ ਤੋਂ ਭਟਕ ਚੁੱਕੇ ਇਸਰਾਏਲੀਆਂ ਬਾਰੇ ਪ੍ਰਮੇਸ਼ਵਰ ਨੇ ਆਖਿਆ, "ਇਸਰਾਏਲ ਦਾ ਘਰਾਨਾ ਭ੍ਰਿਸ਼ਟ ਹੋ ਗਿਆ!" ਕੌਮ ਅੱਤ ਕਮਜ਼ੋਰ, ਸੰਸਾਰਕ ਅਰ ਬੇਕਾਰ ਹੋ ਗਈ ਅਰ ਪ੍ਰਮੇਸ਼ਵਰ ਨੇ ਉਸਨੂੰ ਸੰਸਾਰ ਲਈ ਮਜ਼ਾਕ ਬਣਾ ਦਿੱਤਾ। ਉਸਨੇ ਕਿਹਾ, "...ਏਸ ਲਈ ਮੈਂ ਤੈਨੂੰ ਕੌਮਾਂ ਲਈ ਨਮੋਸ਼ੀ ਦਾ ਨਿਸ਼ਾਨਾ ਅਰ ਸਾਰਿਆਂ ਦੇਸ਼ਾਂ ਦਾ ਠੱਠਾ ਬਣਾਇਆ ਹੈ" (ਹਿਜ਼ਕੀਏਲ 22:4)।

ਕਿੰਨਾ ਵੱਡਾ ਦੋਸ਼! ਪ੍ਰਮੇਸ਼ਵਰ ਇਸਰਾਏਲ ਨੂੰ ਆਖ ਰਿਹਾ ਸੀ, "ਤੂੰ ਪਵਿੱਤਰ ਵਸਤਾਂ ਨੂੰ ਤੁੱਛ ਜਾਤਾ ਅਤੇ ਵਾਸਨਾਵਾਂ ਲਈ ਡੁੱਲ ਗਿਆ, ਮੈਂ ਤੇਰੀ ਸਾਖੀ ਤੈਥੋਂ ਖੋਹ ਰਿਹਾ ਹਾਂ!"

ਇਸ ਵੇਲੇ ਤੱਕ ਹਿਜ਼ਕੀਏਲ ਨਬੀ ਬਹੁਤ ਬਜ਼ੁਰਗ ਹੋ ਚੁੱਕਾ ਸੀ ਅਰ ਦ੍ਰਿਸ਼ ਤੋਂ ਲਾਂਭੇ ਹੋਣ ਹੀ ਵਾਲਾ ਸੀ। ਫਿਰ ਪ੍ਰਮੇਸ਼ਵਰ ਨੇ ਕਿਵੇਂ ਇਸ ਸਥਿਤੀ ਦਾ ਪ੍ਰਤੀ ਉੱਤਰ ਦਿੱਤਾ? ਉਸਨੇ ਹਿਜ਼ਕੀਏਲ ਨੂੰ ਆਖਿਆ, "ਮੈਂ ਉਨ੍ਹਾਂ ਵਿੱਚ ਭਾਲ ਕੀਤੀ ਕਿ ਕੋਈ ਅਜਿਹਾ ਆਦਮੀ ਲੱਭੇ ਜੋ ਕੰਧ ਬਣਾਵੇ ਅਤੇ ਉਸ ਧਰਤੀ ਦੇ ਲਈ ਉਸ ਦਰਾਰ ਵਿੱਚ ਮੇਰੇ ਮੂਹਰੇ ਖਲੋਵੇ ਤਾਂ ਜੋ ਮੈਂ ਉਹ ਨੂੰ ਨਾ ਉਜਾੜਾਂ, ਪਰ ਕੋਈ ਨਾ ਲੱਭਿਆ" (ਹਿਜ਼ਕੀਏਲ 22:30)।

ਜ਼ਰਾ ਸੋਚੋ- ਇਸਰਾਏਲ ਦਾ ਭਵਿੱਖ ਇਸ ਗੱਲ ਉੱਤੇ ਨਿਰਭਰ ਸੀ ਕਿ ਪ੍ਰਮੇਸ਼ਵਰ ਨੂੰ ਇੱਕ ਧਰਮੀ ਵਿਅਕਤੀ ਮਿਲੇਗਾ ਜਾਂ ਨਹੀਂ। ਪਰੰਤੂ ਉਸਨੇ ਹਿਜ਼ਕੀਏਲ ਨੂੰ ਆਖਿਆ, "...ਪਰ ਮੈਨੂੰ ਕੋਈ ਨਾ ਲੱਭਿਆ। ਇਸ ਕਰਕੇ ਮੈਂ ਆਪਣਾ ਕਹਿਰ ਉਨ੍ਹਾਂ ਉੱਤੇ ਵਹਾਇਆ..."(ਹਿਜ਼ਕੀਏਲ 22:30-31)।

ਇਹੀ ਗੱਲ ਪ੍ਰਮੇਸ਼ਵਰ ਨੇ ਯਿਰਮਿਯਾਹ ਨਬੀ ਨੂੰ ਆਖੀ: "ਤੁਸੀਂ ਯਰੂਸ਼ਲਮ ਦੀਆਂ ਗਲੀਆਂ ਵਿੱਚ ਇੱਧਰ ਉੱਧਰ ਨੱਸੋ;...ਭਾਲੋ ਜੇ ਕੋਈ ਮਨੁੱਖ ਤੁਹਾਨੂੰ ਮਿਲ ਸਕੇ, ਜਿਹੜਾ ਇਨਸਾਫ ਕਰਨ ਵਾਲਾ ਅਰ ਸੱਚਾਈ ਦਾ ਭਾਲਣ ਵਾਲਾ ਹੋਵੇ, ਤਾਂ ਮੈਂ ਉਹ ਨੂੰ ਮਾਫ ਕਰ ਦਿਆਂਗਾ" (ਯਿਰਮਿਯਾਹ 5:1)। ਉਸਨੇ ਨਬੀ ਨੂੰ ਆਖਿਆ, "ਮੈਂ ਸਮੁੱਚੀ ਕੌਮ ਨੂੰ ਮਾਫ਼ ਕਰ ਦਿਆਂਗਾ ਜੇਕਰ ਮੈਨੂੰ ਦਰਾਰ ਵਿੱਚ ਖਲੋਣ ਵਾਲਾ ਇੱਕ ਵੀ ਧਰਮੀ ਮਨੁੱਖ ਮਿਲ ਜਾਵੇ। ਮੈਨੂੰ ਕੇਵਲ ਇੱਕ ਮਨੁੱਖ ਚਾਹੀਦਾ ਹੈ ਜੋ ਮੇਰੀ ਇੱਛਾ ਅਨੁਸਾਰ ਹੋਵੇ!"

ਪਿਆਰਿਓ, ਅੱਜ ਅਸੀਂ ਕਲੀਸਿਆ ਵਿੱਚ ਬਾਬੁਲ ਦੀਆਂ ਅਜਿਹੀਆਂ ਅਵਾਜ਼ਾਂ ਨੂੰ ਸੁਣ ਰਹੇ ਹਾਂ ਜੋ ਕਿ ਸੰਸਾਰ ਤੱਕ ਪਹੁੰਚਣ ਲਈ ਢੁਕਵੇ ਅਰ ਆਧੁਨਿਕ ਢੰਗ ਸਿਖਾ ਰਹੀਆਂ ਹਨ। ਬਹੁਤ ਸਾਰੇ ਅਨੋਖੇ ਅਤੇ ਤਾਜ਼ੇ ਤਰੀਕੇ ਸਿਖਾਏ ਜਾ ਰਹੇ ਹਨ। ਫਿਰ ਵੀ ਕਈ ਵਰ੍ਹਿਆਂ ਦੀ ਆਪਣੀ ਸੇਵਕਾਈ ਵਿੱਚ ਮੈਂ ਅਜਿਹੇ ਕਈ ਪ੍ਰੋਗਰਾਮ ਆਉਂਦੇ ਅਰ ਜਾਂਦੇ ਵੇਖੇ। ਉਹ ਕੇਵਲ ਸਰੀਰ ਨੂੰ ਖੁਸ਼ ਕਰਨ ਦੇ ਢੰਗ ਤਰੀਕੇ ਹਨ ਅਰ ਸਲੀਬ ਨਾਲ ਉਨ੍ਹਾਂ ਦਾ ਕੋਈ ਰਿਸ਼ਤਾ ਨਹੀਂ। ਉਨ੍ਹਾਂ ਕੋਲ ਆਉਣ ਵਾਲੀਆਂ ਭੀੜਾਂ ਸੱਖਣੀਆਂ ਅਰ ਅਧੂਰੀਆਂ ਹਨ, ਉਨ੍ਹਾਂ ਕਦੇ ਵੀ ਸੰਸਾਰ ਅਤੇ ਉਸਦੀਆਂ ਕਾਮਨਾਵਾਂ ਤੋਂ ਅਲੱਗਤਾਈ ਦਾ ਸੁਸਮਾਚਾਰ ਨਹੀਂ ਸੁਣਿਆ। ਸੰਸਾਰ ਅਜਿਹੇ ਉਪਰਾਲਿਆਂ ਉੱਪਰ ਠੱਠਾ ਕਰਦਾ ਹੈ ਅਰ ਉਨ੍ਹਾਂ ਨੂੰ ਕੇਵਲ ਮੂਰਖਤਾ ਹੀ ਆਖਦਾ ਹੈ।

ਕੋਈ ਵੀ ਸੇਵਕ ਅਰ ਆਗੂ ਅਜਿਹੀ ਤੁੜੀ ਇਕੱਠੀ ਕਰ ਸਕਦਾ ਹੈ। ਇੱਕ ਵਿਅਕਤੀ ਸ਼ੈਤਾਨ ਜਿਹਾ ਜੀਵਨ ਜੀਅ ਕੇ ਵੀ ਅਜਿਹਾ ਈਸ਼ਵਰੀ ਦਿਸਣ ਵਾਲਾ ਕੰਮ ਕਰ ਸਕਦਾ ਹੈ। ਅਸਲ ਵਿੱਚ ਇੱਕ ਵੱਡਾ ਚਰਚ ਸਥਾਪਤ ਕਰਨ ਲਈ ਤੁਹਾਨੂੰ ਤੇਜ਼ ਦਿਮਾਗ ਚਾਹੀਦਾ ਹੈ, ਅਰ CEO ਵਾਂਗ ਯੋਜਨਾ ਬਣਾਉਣੀ ਆਉਣੀ ਚਾਹੀਦੀ ਹੈ। ਪਰੰਤੂ ਜੇਕਰ ਪ੍ਰਮੇਸ਼ਵਰ, ਉਸਦੀ ਧਾਰਮਿਕਤਾ ਅਰ ਪਵਿੱਤਰਤਾ ਤੋਂ ਬਿਨਾਂ ਤੁਸੀਂ ਇਹ ਸਭ ਕਰੋਗੇ ਤਾਂ ਇਹ ਸਭ ਉਸਦੀਆਂ ਨਾਸਾਂ ਵਿੱਚ ਇੱਕ ਦੁਰਗੰਧ ਵਾਂਗ ਹੋਵੇਗਾ।ਇਹ ਅਜਿਹਾ ਸੁਸਮਾਚਾਰ ਹੋਵੇਗਾ ਜਿਸਦਾ ਪ੍ਰਮਾਣ ਵਿਅਕਤੀਗਤ ਗਵਾਹੀ ਨਹੀਂ ਦੇਵੇਗੀ। ਅਰ ਇਸ ਅੰਦਰ ਛੁਟਕਾਰੇ ਦੀ ਸਮਰੱਥ ਨਹੀਂ ਹੋਵੇਗੀ।

ਮੈਂ ਬਹੁਤ ਸਾਰੇ ਸਾਲਾਂ ਤੋਂ ਇਸ ਗੱਲ ਤੇ ਵੀ ਗੌਰ ਕੀਤੀ ਕਿ ਇੱਕ ਸੇਵਕ ਜਿਨਾਂ ਪ੍ਰਮੇਸ਼ਵਰ ਤੋਂ ਦੂਰ ਹੁੰਦਾ ਜਾਵੇਗਾ ਉਨ੍ਹਾਂ ਹੀ ਮਨੋਰੰਜਨ ਅਰ ਨਵੇਂ ਢੰਗ ਤਰੀਕਿਆਂ ਰਾਹੀਂ ਭੀੜ ਇਕੱਠੀ ਕਰਨ ਦੀ ਕੋਸ਼ਿਸ਼ ਕਰੇਗਾ। ਅਤੇ ਉਹ ਲੋਕਾਂ ਦੀ ਗਿਣਤੀ ਅਤੇ ਆਪਣੇ ਪੈਸੇ ਨਾਲ ਆਪਣੀ ਸਫ਼ਲਤਾ ਨੂੰ ਮਾਪਦਾ ਹੈ। ਪਰੰਤੂ ਉਸਦੇ ਜੀਵਨ ਵਿੱਚ ਕੋਈ ਗਵਾਹੀ ਨਹੀਂ ਹੁੰਦੀ- ਕਿਉਂਕਿ ਉਨ੍ਹਾਂ ਦਾ ਕੋਈ ਹੋਰ ਹੀ ਸੁਸਮਾਚਾਰ ਅਰ ਹੋਰ ਹੀ ਯਿਸੂ ਹੈ!

ਪ੍ਰਮੇਸ਼ਵਰ ਦੇ ਇੱਕ ਸੱਚੇ ਸੇਵਕ ਦੀ ਸੇਵਕਾਈ ਦਾ ਇੱਕ ਹੀ ਨਿਸ਼ਾਨਾ ਹੁੰਦਾ ਹੈ: ਕਿ ਉਹ ਉਦੋਂ ਤੱਕ ਆਪਣੀ ਜਾਨ ਨੂੰ ਅਰਾਮ ਨਾ ਲੈਣ ਦੇਵੇ ਜਦੋਂ ਤੱਕ ਆਪਣੇ ਜੀਵਨ ਦੇ ਹਰ ਹਿੱਸੇ ਵਿੱਚ ਯਿਸੂ ਨੂੰ ਮਹਿਮਾ ਨਾ ਦੇ ਦੇਵੇ- ਅਰ ਖੁਦ ਨੂੰ ਅਰ ਆਪਣੀਆਂ ਭੇਡਾਂ ਨੂੰ ਪਵਿੱਤਰ ਆਤਮਾ ਦੀ ਅਧੀਨਗੀ ਵਿੱਚ ਨਾ ਲੈ ਆਵੇ!

**ਹਰੇਕ ਮਨੁੱਖ ਜਿਸਦਾ ਜੀਵਨ ਸੁਸਮਾਚਾਰ ਦੀ ਸਮਰੱਥ ਦੀ ਗਵਾਹੀ ਬਣ ਜਾਂਦਾ ਹੈ, ਉਹ ਸ਼ੈਤਾਨ ਦੇ ਕ੍ਰੋਧ ਦਾ ਮੁੱਖ ਨਿਸ਼ਾਨਾ ਬਣ ਜਾਂਦਾ ਹੈ!**

ਜੇਕਰ ਤੁਸੀਂ ਮਸੀਹ ਦੀ ਭਰਪੂਰੀ ਲਈ ਭੁੱਖੇ ਅਰ ਪਿਆਸੇ ਹੋ ਤਾਂ ਸ਼ੈਤਾਨ ਤੁਹਾਡੇ ਵਿਰੁੱਧ ਜੰਗ ਦਾ ਐਲਾਨ ਕਰ ਦਿੰਦਾ ਹੈ। ਜਦੋਂ ਉਹ ਵੇਖਦਾ ਹੈ ਕਿ ਤੁਹਾਡਾ ਸਮਰਪਣ ਸੱਚਾ ਹੈ, ਤੁਸੀਂ ਪ੍ਰਾਰਥਨਾ ਵਿੱਚ ਮਜਬੂਤ ਹੋ, ਤੁਸੀਂ ਖੁਦੀ ਦਾ ਇਨਕਾਰ ਕਰ ਦਿੱਤਾ ਹੈ ਤਾਂ ਉਹ ਤੁਹਾਡੀ ਗਵਾਹੀ ਨੂੰ ਬਰਬਾਦ ਕਰਨ ਲਈ ਆਪਣਾ ਹਰੇਕ ਹਥਿਆਰ ਇਸਤੇਮਾਲ ਕਰਦਾ ਹੈ। ਕਿਉਂ? ਉਹ ਗਵਾਹੀ ਬੁਰਿਆਈ ਅਰ ਬਰਬਾਦੀ ਲਈ ਪ੍ਰਮੇਸ਼ਵਰ ਦਾ ਉੱਤਰ ਹੈ!

ਦਾਨੀਏਲ ਦੀ ਕਿਤਾਬ ਵਿੱਚ ਅੱਗ ਦੀ ਭੱਠੀ ਇਸੇ ਗੱਲ ਨੂੰ ਦਰਸਾਉਂਦੀ ਹੈ।ਬਾਬੁਲ ਵਿੱਚ ਪ੍ਰਮੇਸ਼ਵਰ ਦੀ ਸਾਖੀ ਨੂੰ ਖ਼ਤਮ ਕਰਨ ਲਈ ਸ਼ੈਤਾਨ ਨੇ ਇੱਕ ਵੱਡੀ ਯੋਜਨਾ ਬਣਾਈ। ਇਹ ਯੋਜਨਾ ਇੱਕ ਸਫ਼ੇਦ ਗਰਮ ਭੱਠੀ ਵਿੱਚ ਬਣਾਈ ਗਈ ਕਿ ਪ੍ਰਮੇਸ਼ਵਰ ਦੇ ਸੁਸਮਚਾਰ ਦੇ ਜੀਵਿਤ ਸਬੂਤਾਂ ਨੂੰ ਮਿਟਾ ਦਿੱਤਾ ਜਾਵੇ।

ਤਿੰਨ ਭਗਤ ਇਸਰਾਏਲੀ ਬਾਬੁਲ ਵਿੱਚ ਉੱਚੇ ਸਰਕਾਰੀ ਅਹੁਦਿਆਂ ਤੇ ਸਨ ਜੋ ਸੁਸਮਾਚਾਰ ਦੇ ਜੀਵਿਤ ਪ੍ਰਮਾਣ ਸਨ। ਉਨ੍ਹਾਂ ਨੇ ਖੁਦ ਨੂੰ ਬਾਬੁਲ ਦੀ ਸੰਵੇਦਨਸ਼ੀਲ ਜੀਵਨਸ਼ੈਲੀ ਤੋਂ ਬਚਾ ਕੇ ਰੱਖਿਆ ਬਲਕਿ ਪ੍ਰਾਰਥਨਾ ਦਾ ਜੀਵਨ ਜੀਉਂਦੇ ਰਹੇ। ਇਹ ਤਿੰਨੋਂ ਨੌਜਵਾਨ ਕੋਈ ਨਬੀ ਜਾਂ ਯਾਜਕ ਨਹੀਂ ਸਨ ਬਲਕਿ ਸਧਾਰਨ ਮਨੁੱਖ ਸਨ। ਅਰ ਉਹ ਮੂਰਤੀਪੂਜਕ ਸਮਾਜ ਵਿੱਚ ਆਪਣੇ ਪ੍ਰਮੇਸ਼ਵਰ ਲਈ ਵਿਸ਼ਵਾਸਯੋਗ ਅਤੇ ਪਵਿੱਤਰ ਰਹੇ।

ਇਸ ਕਾਰਨ ਸ਼ੈਤਾਨ ਦਾ ਗੁੱਸਾ ਭੜਕਿਆ ਅਰ ਉਹ ਬਾਬੁਲ ਦੇ ਦੁਸ਼ਟ ਰਾਜੇ ਦੇ ਮਨ ਵਿੱਚ ਸਮਾ ਗਿਆ। ਤੁਰੰਤ ਰਾਜੇ ਨੇ ਸੋਨੇ ਦੀ ਇੱਕ ਵੱਡੀ ਮੂਰਤੀ ਬਣਾਈ ਅਰ ਉਸਨੂੰ ਰਾਸ਼ਟਰੀ ਦੇਵਤਾ ਐਲਾਨ ਕੇ ਸਭ ਨੂੰ ਉਸਦੀ

ਪੂਜਾ ਕਰਨ ਲਈ ਆਖਿਆ। ਫਿਰ ਉਸਨੇ ਬਾਬੁਲ ਦੇ ਅਧਿਕਾਰ ਅਧੀਨ ਆਉਂਦੇ ਹਰੇਕ ਦੇਸ਼ ਅਰ ਕੌਮ ਦੇ ਹਾਕਿਮਾਂ ਨੂੰ ਬੁਲਾ ਕੇ ਇਸ ਨਵੇਂ ਧਰਮ ਬਾਰੇ ਜਾਣਕਾਰੀ ਦਿੱਤੀ। ਜਦੋਂ ਵਿਸ਼ੇਸ਼ ਸੰਗੀਤ ਵਜਾਇਆ ਜਾਵੇਗਾ, ਹਰ ਕਿਸੇ ਨੂੰ ਉਸ ਮੂਰਤ ਅੱਗੇ ਮੱਥਾ ਟੇਕਣਾ ਪਵੇਗਾ।

ਸ਼ੈਤਾਨ ਨੇ ਰਾਜੇ ਨੂੰ ਅੱਗ ਦੀ ਇੱਕ ਵੱਡੀ ਭੱਠੀ ਬਣਾਉਣ ਲਈ ਵੀ ਉਭਾਰਿਆ ਜਿਸਦੀਆਂ ਲਾਟਾਂ ਸਭ ਨੂੰ ਵਿਖਾਈ ਦੇਣ। ਮੈਂ ਪੁਛਦਾ ਹਾਂ, ਸ਼ੈਤਾਨ ਨੇ ਅਜਿਹਾ ਕਿਉਂ ਕੀਤਾ? ਉਸਨੂੰ ਪਤਾ ਸੀ ਕਿ ਪੂਰੇ ਬਾਬੁਲ ਵਿੱਚ ਅਜਿਹਾ ਕੋਈ ਹਾਕਿਮ, ਰਾਜਦੂਤ ਨਹੀਂ ਸੀ ਜੋ ਇਸ ਕਨੂੰਨ ਦੀ ਉਲੰਘਣਾ ਕਰਦਾ। ਉਨ੍ਹਾਂ ਨੂੰ ਡਰਾਉਣ ਧਮਕਾਉਣ ਦੀ ਕੋਈ ਲੋੜ ਨਹੀਂ ਸੀ।

ਉਹ ਸਭ ਗੂੰਗੇ ਭਟਕਣ ਵਾਲੇ ਸਨ "ਕੌਣ ਕਿਸ਼ਤੀ ਵਿੱਚ ਸਵਾਰ ਹੋਣਾ ਚਾਹੁੰਦਾ ਹੈ? ਸਾਡੇ ਕੋਲ ਸਭ ਕੁਝ ਹੈ- ਖੁਸ਼ਹਾਲੀ, ਭੋਜਨ, ਪੀਣ ਲਈ ਪਦਾਰਥ ਅਰ ਇੱਕ ਚੰਗਾ ਜੀਵਨ। ਅਰ ਇਹ ਨਵਾਂ ਧਰਮ ਜੀਵਨ ਲਈ ਵੀ ਸੁਖਾਲਾ ਹੈ। ਕੌਣ ਇਹ ਸਭ ਕੁਝ ਛੱਡਣਾ ਚਾਹੇਗਾ?"

ਸੋ, ਇਸ ਅੱਗ ਦੀ ਭੱਠੀ ਦਾ ਕੀ ਉਦੇਸ਼ ਸੀ? ਇਹ ਸ਼ੈਤਾਨ ਦਾ ਹੀ ਕੰਮ ਸੀ ਕਿ ਉਹ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਮਰਵਾ ਸਕੇ। ਉਹ ਬਾਬੁਲ ਵਿੱਚ ਬਚੀਆਂ ਪ੍ਰਮੇਸ਼ਵਰ ਦੀਆਂ ਸਾਖੀਆਂ ਨੂੰ ਖਤਮ ਕਰਨਾ ਚਾਹੁੰਦਾ ਸੀ!

ਇਨ੍ਹਾਂ ਤਿੰਨਾਂ ਨੂੰ ਖ਼ਤਮ ਕਰਨ ਲਈ ਸ਼ੈਤਾਨ ਨੇ ਰਾਜੇ ਅਰ ਉਸਦੇ ਮੰਤਰੀਆਂ ਨੂੰ ਭ੍ਰਿਸ਼ਟ ਕਰ ਦਿੱਤਾ। ਉਸਨੇ ਅਜਿਹੀ ਭਿਆਨਕ ਸਥਿਤੀ ਅਰ ਹਾਲਾਤ ਪੈਦਾ ਕਰ ਦਿੱਤੇ ਕਿ ਕੋਈ ਵੀ ਇਨਸਾਨ ਇੱਥੋਂ ਤੀਕ ਕਿ ਕੋਈ ਭਗਤ ਵੀ ਆਪਣੀ ਮਨੁੱਖੀ ਤਾਕਤ ਨਾਲ ਉਨ੍ਹਾਂ ਦਾ ਸਾਹਮਣਾ ਨਾ ਕਰ ਸਕੇ।

ਪਰੰਤੂ ਪਹਿਲੇ ਸੰਗੀਤ ਨਾਲ ਉਹ ਮੂਰਤੀ ਅੱਗੇ ਨਾ ਝੁਕੇ। ਸ਼ੈਤਾਨ ਨੂੰ ਇਹ ਵੇਖ ਕੇ ਬਹੁਤ ਕ੍ਰੋਧ ਆਇਆ। ਤਦ ਰਾਜੇ ਦੇ ਮੂੰਹੋਂ ਇਹ ਸ਼ਬਦ ਨਿਕਲੇ, "...ਉਹ ਕਿਹੜਾ ਪ੍ਰਮੇਸ਼ਵਰ ਹੈ ਜਿਹੜਾ ਤੁਹਾਨੂੰ ਮੇਰੇ ਹੱਥੋਂ ਬਚਾ ਸਕੇ?" (ਦਾਨੀਏਲ 3:15) "ਭੱਠੀ ਨੂੰ ਦਸਤੂਰ ਨਾਲੋਂ ਸੱਤ ਗੁਣਾ ਹੋਰ ਤਾਓ ਦਿਓ" (ਦਾਨੀਏਲ 3:19)।

ਹੁਣ ਸ਼ੈਤਾਨ ਪ੍ਰਮੇਸ਼ਵਰ ਦੇ ਸੇਵਕਾਂ ਨੂੰ ਇਹ ਪੁੱਛ ਰਿਹਾ ਸੀ, "ਤੁਸੀਂ ਕੀ ਸੋਚਦੇ ਹੋ ਕਿ ਤੁਸੀਂ ਮੇਰੇ ਵੱਲੋਂ ਤਿਆਰ ਕੀਤੀ ਇਸ ਮੌਤ ਤੋਂ ਬਚ ਜਾਓਗੇ? ਮੈਂ ਤੁਹਾਨੂੰ ਗਿਰਾਵਾਂਗਾ ਅਰ ਤੁਹਾਡੀ ਗਵਾਹੀ ਨੂੰ ਪੂਰੀ ਤਰਾਂ ਖ਼ਤਮ ਕਰ ਦੇਵਾਂਗਾ"।

ਉਸੇ ਤਰਾਂ, ਜਿਸ ਸੇਕ ਦਾ ਅਸੀਂ ਅੱਜ ਸਾਹਮਣਾ ਕਰ ਰਹੇ ਹਾਂ ਉਹ ਪਿਛਲੀ ਪੀੜ੍ਹੀ ਦੇ ਸੇਕ ਤੋਂ ਕਿਤੇ ਵਧੀਕ ਹੈ। ਉਦਾਹਰਨ ਵੱਜੋਂ ਸ਼ੈਤਾਨ ਨੇ ਸਾਡੇ ਸਮੇਂ ਵਿੱਚ ਸਾਰੀ ਤਕਨਾਲੋਜੀ ਨੂੰ ਆਪਣੇ ਕਬਜੇ ਵਿੱਚ ਕਰ ਲਿਆ ਹੈ-ਅਤੇ ਉਸਨੂੰ ਭਰਮ, ਵਾਸਨਾ, ਸੰਵੇਦਨਸ਼ੀਲਤਾ ਅਤੇ ਪਰਤਾਵੇ ਰਾਹੀਂ ਦੂਸ਼ਿਤ ਕਰ ਦਿੱਤਾ ਹੈ। ਅੱਜ ਅਸੀਂ ਪਰਤਾਵੇ ਦੀ ਸਫ਼ੇਦ ਭਖ਼ਦੀ ਹੋਈ ਭੱਠੀ ਦਾ ਸਾਹਮਣਾ ਕਿਉਂ ਕਰਦੇ ਹਾਂ? ਹਰੇਕ ਵਸਤੂ ਦੇ ਨਾਲ ਵਾਸਨਾ ਅਰ ਲੈਂਗਿਕਤਾ ਨੂੰ ਕਿਉਂ ਜੋੜਿਆ ਜਾਂਦਾ ਹੈ? ਇੰਟਰਨੈੱਟ ਉੱਪਰ ਕਿਉਂ ਸੈਕੜੇ ਅਸ਼ਲੀਲ ਵੈੱਬਸਾਈਟਾਂ ਹਨ? ਗੰਦਗੀ ਦੇ ਇਸ ਹੜ੍ਹ ਦਾ ਨਿਸ਼ਾਨਾ ਕੌਣ ਹੈ?

ਨਿਸ਼ਚਿਤ ਤੌਰ ਤੇ ਇਹ ਦੁਸ਼ਟ ਲੋਕਾਂ ਦੀ ਭੀੜ ਨਹੀਂ ਹੈ, ਬਾਈਬਲ ਮੁਤਾਬਕ ਉਹ ਤਾਂ ਪਹਿਲਾਂ ਹੀ ਸ਼ੈਤਾਨ ਦੀ ਸੰਤਾਨ ਹਨ। ਇਹ ਸੰਸਾਰ ਵੀ ਨਹੀਂ ਹੈ ਉਹ ਤਾਂ ਪਹਿਲਾਂ ਹੀ ਭਰਮਾਇਆ ਹੋਇਆ ਹੈ। ਸ਼ੈਤਾਨ ਦਾ ਨਿਸ਼ਾਨਾ ਇਹ ਲੋਕ ਨਹੀਂ ਹਨ। ਬਲਕਿ ਉਸਦਾ ਨਿਸ਼ਾਨਾ ਜਿੱਤ ਪਾਉਣ ਵਾਲੇ ਮਸੀਹੀ ਹਨ। ਉਹ ਸੁਸਮਾਚਾਰ ਦੀ ਗਵਾਹੀ ਨੂੰ ਕਮਜ਼ੋਰ ਅਤੇ ਤਬਾਹ ਕਰਨਾ ਚਾਹੁੰਦਾ ਹੈ!

ਇਸ ਵੇਲੇ ਬਹੁਤ ਸਾਰੇ ਮਸੀਹੀਆਂ ਦੇ ਜੀਵਨ ਵਿੱਚ ਇਹ ਭੱਠੀ ਦਾ ਸੇਕ ਸੱਤ ਗੁਣਾ ਵਧ ਚੁੱਕਾ ਹੈ। ਸ਼ੈਤਾਨ ਨੇ ਉਨ੍ਹਾਂ ਦੇ ਘਰਾਂ, ਕੰਮ ਵਾਲੇ ਸਥਾਨਾਂ ਅਰ ਸੰਬੰਧਾਂ ਵਿੱਚ ਅਜਿਹੀ ਭਿਆਨਕ ਸਥਿਤੀ ਪੈਦਾ ਕੀਤੀ ਹੋਈ ਹੈ ਜਿਹੀ ਪਹਿਲਾਂ ਕਦੇ ਨਹੀਂ ਸੀ। ਅਤੇ ਕਈ ਮਜਬੂਤ ਰਹਿ ਚੁੱਕੇ ਮਸੀਹੀ ਵੀ ਹਾਰ ਮੰਨ ਕੇ ਪ੍ਰਮੇਸ਼ਵਰ ਨੂੰ ਤਿਆਗ ਰਹੇ ਹਨ। ਉਹ ਸਹਾਇਤਾ ਲਈ ਪ੍ਰਾਰਥਨਾ ਨਹੀਂ ਕਰਦੇ, ਬਲਕਿ ਇਹ ਸੋਚਦੇ ਹਨ ਕਿ, "ਮੇਰਾ ਪਰਤਾਵਾ ਮੇਰੀ ਸਹਿਣ ਤੋਂ ਬਾਹਰ ਹੈ!"

**ਪ੍ਰਮੇਸ਼ਵਰ ਦੀ ਵਡਿਆਈ ਹੋਵੇ ਕਿ ਇਨ੍ਹਾਂ ਤਿੰਨਾਂ ਮਨੁੱਖਾਂ ਨੇ ਆਪਣੀ ਗਵਾਹੀ ਕਾਇਮ ਰੱਖੀ ਅਰ ਸ਼ੈਤਾਨ ਦੀ ਯੋਜਨਾ ਨੂੰ ਕੁਚਲਿਆ!**

ਪ੍ਰਮੇਸ਼ਵਰ ਨੇ ਸ਼ੈਤਾਨ ਦੀ ਯੋਜਨਾ ਨੂੰ ਇੱਕ ਮੌਕੇ ਵਿੱਚ ਬਦਲ ਦਿੱਤਾ ਤਾਂ ਜੋ ਬਾਬੁਲ ਦਾ ਸਾਰਾ ਰਾਜ ਪ੍ਰਮੇਸ਼ਵਰ ਦੀ ਸਾਖੀ ਨੂੰ ਵੇਖ ਸਕੇ। ਕਿਉਂਕਿ ਇਹ ਤਿੰਨ ਝੁਕੇ ਨਹੀਂ ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਬਚਾਇਆ। ਅਤੇ ਉਹ ਸਮੁੱਚੇ ਰਾਸ਼ਟਰ ਲਈ ਪ੍ਰਭੂ ਯਿਸੂ ਮਸੀਹ ਦੀ ਪ੍ਰਤੱਖ ਸਾਖੀ ਬਣੇ।

ਬਾਬੁਲ ਦਾ ਪਾਤਸ਼ਾਹ ਖੁਦ ਗਵਾਹੀ ਦਿੰਦਾ ਹੈ, "...ਕੀ ਅਸੀਂ ਅੱਗ ਵਿੱਚ ਤਿੰਨ ਮਨੁੱਖ ਬੰਨ੍ਹ ਕੇ ਨਹੀਂ ਸੁੱਟੇ?...ਮੈਂ ਚਾਰ ਮਨੁੱਖਾਂ ਨੂੰ ਖੁੱਲੇ ਅੱਗ ਵਿੱਚ ਚੱਲਦੇ ਵੇਖਦਾ ਹਾਂ; ਅਤੇ ਚੌਥਾ ਪੁਰਖ ਪ੍ਰਮੇਸ਼ਵਰ ਦੇ ਪੁੱਤਰ ਜਿਹਾ ਦਿਸਦਾ ਹੈ" (ਦਾਨੀਏਲ 3:24-25)।

ਤੁਰੰਤ ਰਾਜੇ ਨੇ ਮੂਰਤੀ ਪੂਜਾ ਦੀ ਆਪਣੀ ਘੋਸ਼ਣਾ ਵਾਪਸ ਲੈ ਲਈ ਅਤੇ ਨਵੀਂ ਘੋਸ਼ਣਾ ਕੀਤੀ: "ਮੈਂ ਇਹ ਘੋਸ਼ਣਾ ਕਰਦਾ ਹਾਂ ਕਿ ਮੇਰੀ ਪਰਜਾ, ਰਾਸ਼ਟਰ ਅਰ ਹਰੇਕ ਭਾਸ਼ਾ ਬੋਲਣ ਵਾਲਾ ਇਹ ਜਾਣ ਲਵੇ ਕਿ ਜੇਕਰ ਕੋਈ ਵੀ ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਦੇ ਪ੍ਰਮੇਸ਼ਵਰ ਖਿਲਾਫ਼ ਕੁਝ ਵੀ ਬੋਲੇ ਤਾਂ ਉਹ ਵੱਢਿਆ ਜਾਵੇਗਾ ਅਰ ਉਸਦਾ ਘਰ ਰਾਖ ਦਾ ਢੇਰ ਬਣਾ ਦਿੱਤਾ ਜਾਵੇਗਾ; ਕਿਉਂਕਿ ਅਜਿਹਾ ਹੋਰ ਕੋਈ ਈਸ਼ਵਰ ਨਹੀਂ ਜਿਹੜਾ ਇਸ ਤਰਾਂ ਬਚਾ ਸਕੇ" (ਦਾਨੀਏਲ 3:29)।

ਪਿਆਰਿਓ, ਇਹ ਸਭ ਕੁਝ ਤਿੰਨ ਮਨੁੱਖਾਂ ਦੀ ਸਾਖੀ ਨਾਲ ਹੋਇਆ- ਪ੍ਰਮੇਸ਼ਵਰ ਦੇ ਧਰਮੀ ਜਨ ਜਿਹੜੇ ਆਪਣੇ ਵਿਸ਼ਵਾਸ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਵੀ ਤਿਆਰ ਸਨ। ਇਨ੍ਹਾਂ ਤਿੰਨ ਦੀਨ ਮਨੁੱਖਾਂ ਦੇ ਕਾਰਨ ਰਾਸ਼ਟਰ ਦੇ ਕਨੂੰਨ ਬਦਲ ਗਏ!

ਹਾਂ, ਆਰਥਿਕ, ਸਰੀਰਕ, ਮਾਨਸਿਕ ਅਤੇ ਆਤਮਿਕ ਹਾਲਾਤ ਦਿਨੋਂ ਦਿਨ ਹੋਰ ਭਖ਼ਦੇ ਜਾਣਗੇ ਪਰੰਤੂ ਪ੍ਰਮੇਸ਼ਵਰ ਨੇ ਪਹਿਲਾਂ ਹੀ ਹਰ ਜਗ੍ਹਾ ਆਪਣੇ ਅਲੱਗ ਕੀਤੇ ਹੋਏ ਭਗਤਾਂ ਉੱਪਰ ਆਪਣਾ ਹੱਥ ਰੱਖਿਆ ਹੋਇਆ ਹੈ। ਅਤੇ ਉਸਦਾ ਸੁਸਮਾਚਾਰ ਇੱਕ ਸਾਖੀ ਵੱਜੋਂ ਪ੍ਰਚਾਰ ਕੀਤਾ ਜਾਵੇਗਾ।

ਤਦ ਪ੍ਰਭੂ ਆ ਜਾਵੇਗਾ!

---


ਤੁਰੰਤ ਲੋੜ

ਉਰਦੂ-ਬੁਲਾਵੇ ਦੀ ਗੂੰਜ

ਸਾਨੂੰ ਤੁਰੰਤ ਬੁਲਾਵੇ ਦੀ ਗੂੰਜ ਲਈ ਉਰਦੂ ਅਨੁਵਾਦਕ ਦੀ ਲੋੜ ਹੈ। ਅਸੀਂ ਹਰ ਮਹੀਨੇ ਨਿਰਧਾਰਿਤ ਰਾਸ਼ੀ ਅਤੇ ਹੋਰ ਬਾਕੀ ਖਰਚੇ ਅਦਾ ਕਰਾਂਗੇ।

**ਪਾ: ਐੱਸ. ਸੈਮ ਸੇਲਵਾ ਰਾਜ**

**ਵੱਟਸਐਪ ਅਤੇ ਮੋਬਾਇਲ**

**98412 71858 / 98410 71852**



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਅਸੀਂ ਪ੍ਰਮੇਸ਼ਵਰ ਦੀਆਂ ਬੇਬਿਆਨ ਨੇਹਮਤਾਂ ਲਈ ਉਸਦਾ ਧੰਨਵਾਦ ਕਰੀਏ!

### ਬਪਤਿਸਮਾ ਹੌਦ ਦੀ ਕਹਾਣੀ

ਆਪਣੇ ਆਰੰਭਕ ਦਿਨਾਂ ਵਿੱਚ ਮੇਰੀ ਇਹ ਆਦਤ ਸੀ ਕਿ ਮੈਂ ਭਿੰਨ-ਭਿੰਨ ਭਾਸ਼ਾਵਾਂ ਅਰ ਸੰਸਕ੍ਰਿਤੀਆਂ ਦੇ ਉੱਧਾਰ ਨਾ ਪਾਏ ਹੋਏ ਲੋਕਾਂ ਤੱਕ ਅਲੱਗ ਅਲੱਗ ਭਾਸ਼ਾਵਾਂ ਵਿੱਚ ਸੁਸਮਾਚਾਰ ਲਿਟ੍ਰੇਚਰ, ਵਿਅਕਤੀਗਤ ਮੁਲਾਕਾਤ, ਚਰਚ ਗਤੀਵਿਧੀਆਂ ਅਤੇ ਸਮਾਜ ਸੁਧਾਰ ਪ੍ਰੋਗਰਾਮਾਂ ਆਦਿ ਰਾਹੀ ਸੁਸਮਾਚਾਰ ਪੁਚਾਉਣ ਲਈ ਸਖ਼ਤ ਮੇਹਨਤ ਕਰਦਾ ਸੀ। ਪ੍ਰਮੇਸ਼ਵਰ ਨੇ ਬਹੁਤ ਸਾਰੀਆਂ ਜ਼ਿੰਦਗੀਆਂ ਬਚਾਉਣ ਅਰ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬਪਤਿਸਮਾ ਦੇਣ ਵਿੱਚ ਮੇਰੀ ਬੜੀ ਮਦਦ ਕੀਤੀ। ਪਰੰਤੂ ਮੇਰੇ ਕੋਲ ਬਪਤਿਸਮਾ ਦੇਣ ਲਈ ਹੌਦ ਨਹੀਂ ਸੀ।

ਇਸ ਕਰਕੇ ਮੈਂ ਨਿੱਜੀ ਸਵਿਮਿੰਗ ਪੂਲਾਂ ਵਿੱਚ ਬਪਤਿਸਮੇ ਦਿੰਦਾ ਸੀ। ਕਿਉਂਕਿ ਮਸੀਹ ਨੂੰ ਮੁਕਤੀਦਾਤਾ ਗ੍ਰਹਿਣ ਕਰਨ ਅਰ ਬਪਤਿਸਮਾ ਲੈਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ ਤਲਾਬਾਂ ਦੇ ਮਾਲਕਾਂ ਨੇ ਉਨ੍ਹਾਂ ਦੇ ਤਲਾਬਾਂ ਦਾ ਇਸਤੇਮਾਲ ਕਰਨ ਤੋਂ ਮੈਨੂੰ ਮਨ੍ਹਾਂ ਕਰ ਦਿੱਤਾ। ਇਸ ਕਰਕੇ ਬਪਤਿਸਮੇ ਦੇਣ ਲਈ ਮੈਂ ਦੂਸਰੇ ਚਰਚਾਂ ਵਿੱਚ ਬਣੇ ਬਪਤਿਸਮਾ ਹੌਦਾਂ ਦਾ ਕੁਝ ਪੈਸਾ ਖ਼ਰਚ ਕੇ ਅਰ ਉਨ੍ਹਾਂ ਦੀ ਆਗਿਆ ਲੈ ਕੇ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ।

ਕਿਉਂਕਿ ਮਸੀਹ ਨੂੰ ਗ੍ਰਹਿਣ ਕਰਨ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਸੀ, ਮੈਂ ਸਥਾਨਕ ਚਰਚਾਂ ਲਈ ਵੀ ਪਰੇਸ਼ਾਨੀ ਬਣ ਗਿਆ। ਅਖ਼ੀਰ ਮੈਂ ਇੱਕ ਚਰਚ ਦੇ ਮੁੱਖ ਪਾਸਟਰ ਕੋਲ ਜਾ ਕੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਤੁਹਾਡਾ ਬਪਤਿਸਮਾ ਹੌਦ ਇਸਤੇਮਾਲ ਕਰਨ ਦੀ ਇਜਾਜ਼ਤ ਦੇ ਦਿਓ। ਕੁਝ ਸਮੇਂ ਲਈ ਤਾਂ ਉਨ੍ਹਾਂ ਨੇ ਮੈਨੂੰ ਇਜਾਜ਼ਤ ਦੇ ਦਿੱਤੀ ਪਰੰਤੂ ਇੱਕ ਸਵੇਰ ਉਨ੍ਹਾਂ ਨੇ ਮੈਨੂੰ ਬੁਲਾ ਕੇ ਆਖਿਆ, "ਮੈਂ ਬਹੁਤ ਖੁਸ਼ ਹਾਂ ਕਿ ਪ੍ਰਭੂ ਤੁਹਾਨੂੰ ਅਪਹੁੰਚੇ ਲੋਕਾਂ ਦੇ ਉੱਧਾਰ ਲਈ ਅਰ ਉਨ੍ਹਾਂ ਨੂੰ ਸਾਡੇ ਹੌਦ ਵਿੱਚ ਬਪਤਿਸਮੇ ਦੇਣ ਲਈ ਇਸਤੇਮਾਲ ਕਰ ਰਿਹਾ ਹੈ। ਪਰੰਤੂ ਮੈਂ ਵੇਖ ਰਿਹਾ ਹਾਂ ਕਿ ਤੁਸੀਂ ਅਲੱਗ ਅਲੱਗ ਪਿਛੋਕੜ ਵਾਲੇ ਲੋਕਾਂ ਨੂੰ ਬਪਤਿਸਮੇ ਦੇ ਰਹੇ ਹੋ। ਮੈਂ ਖ਼ਤਰਾ ਮੁੱਲ ਲੈਣਾ ਨਹੀਂ ਚਾਹੁੰਦਾ। ਇਸ ਕਰਕੇ ਮੈਨੂੰ ਮਾਫ਼ ਕਰੋ ਮੈਂ ਅੱਗੇ ਤੋਂ ਤੁਹਾਨੂੰ ਇੱਥੇ ਬਪਤਿਸਮੇ ਦੇਣ ਦੀ ਅਨੁਮਤੀ ਨਹੀਂ ਦੇ ਸਕਦਾ।"

ਇਸ ਗੱਲ ਕਰਕੇ ਮੈਂ ਬਹੁਤ ਦੁਖੀ ਸੀ ਕਿਉਂਕਿ ਕਈ ਮਹੀਨੇ ਤੱਕ ਮੈਂ ਬਪਤਿਸਮੇ ਨਹੀਂ ਦੇ ਸਕਿਆ। ਪਰੰਤੂ ਨਵੇਂ ਲੋਕ ਬਪਤਿਸਮੇ ਲਈ ਮੇਰੇ ਉੱਤੇ ਜ਼ੋਰ ਪਾਉਂਦੇ ਸਨ। ਸੰਨ 1980 ਵਿੱਚ ਇੱਕ ਦਿਨ ਮੈਂ ਹਿਰਦੇ ਵਿੱਚ ਭਾਰੀ ਬੋਝ ਨਾਲ ਪ੍ਰਾਰਥਨਾ ਕੀਤੀ ਅਰ ਬਾਹਰ ਨਾ ਜਾਣ ਦੀ ਇੱਛਾ ਕਰਕੇ ਮੈਂ ਆਪਣੇ ਪ੍ਰਾਰਥਨਾ ਵਾਲੇ ਦਲੀਚੇ ਉੱਪਰ ਹੀ ਲੇਟ ਗਿਆ ਕਿਉਂਕਿ ਮੈਨੂੰ ਪ੍ਰਾਰਥਨਾ ਲਈ ਹੋਰ ਸ਼ਬਦ ਨਹੀਂ ਮਿਲ ਰਹੇ ਸਨ। ਕੁਝ ਸਮੇਂ ਬਾਦ ਪ੍ਰਭੂ ਦਾ ਆਤਮਾ ਮੇਰੇ ਕੋਲ ਆਇਆ ਅਤੇ ਮੈਨੂੰ ਦਲੇਰੀ ਦੇ ਕੇ ਬੋਲਿਆ, "ਉੱਠ ਅਤੇ ਪ੍ਰਮੇਸ਼ਵਰ ਕੋਲੋਂ ਵੱਡੀਆਂ ਚੀਜ਼ਾਂ ਲਈ ਪ੍ਰਾਰਥਨਾ ਕਰ"। ਮੈਂ ਉੱਠਿਆ ਅਰ ਸਾਡੀ ਖੁਦ ਦੀ ਵੱਡੀ ਇਮਾਰਤ ਲਈ ਪ੍ਰਾਰਥਨਾ ਕਰਨ ਲੱਗਾ, ਜਿਸ ਵਿੱਚ ਚਰਚ, ਵੱਡਾ ਬਪਤਿਸਮਾ ਹੌਦ, ਕਈ ਦਫ਼ਤਰ, ਛਾਪਾਖਾਨਾ, ਘਰ ਆਦਿ ਸਭ ਕੁਝ ਹੋਵੇ।ਪ੍ਰਮੇਸ਼ਵਰ ਨੇ ਮੈਨੂੰ ਸਪੱਸ਼ਟ ਰੂਪ ਵਿੱਚ ਆਖਿਆ ਕਿ ਆਪਣਾ ਸਾਰਾ ਧਨ ਅਤੇ ਪ੍ਰਾਪਰਟੀ ਮੇਰੇ ਲਈ ਦੇਣ ਲਈ ਤਿਆਰ ਹੋ ਜਾ। ਜਿਵੇਂ ਪ੍ਰਭੂ ਨੇ ਮੈਨੂੰ ਆਖਿਆ ਮੈਂ ਬਿਨਾਂ ਦੂਸਰਾ ਵਿਚਾਰ ਕੀਤੇ ਅਤੇ ਬਿਨਾਂ ਕਿਸੇ ਝਿਜਕ ਤੋਂ ਆਪਣਾ ਸਭ ਕੁਝ ਪ੍ਰਮੇਸ਼ਵਰ ਦੀ ਸੇਵਕਾਈ ਲਈ ਦੇ ਦਿੱਤਾ। ਭਾਵੇਂ ਮੇਰਾ ਵਿਅਕਤੀਗਤ ਯੋਗਦਾਨ ਥੋੜਾ ਹੀ ਸੀ ਪਰੰਤੂ ਪ੍ਰਮੇਸ਼ਵਰ ਨੇ ਸਾਡੀ ਮੌਜੂਦਾ ਜਗ੍ਹਾ ਸਭ ਤਰਾਂ ਦੀਆਂ ਸੁਵਿਧਾਵਾਂ ਸਹਿਤ ਮੈਨੂੰ ਬਰਕਤ ਦੇ ਰੂਪ ਵਿੱਚ ਦਿੱਤੀ। ਪ੍ਰਾਪਰਟੀ ਖਰੀਦਣ ਤੋਂ ਬਾਦ ਜਿਹੜਾ ਕੰਮ ਮੈਂ ਸਭ ਤੋਂ ਪਹਿਲਾ ਕੀਤਾ ਉਹ ਸੀ, ਬਪਤਿਸਮਾ ਹੌਦ ਦਾ ਨਿਰਮਾਣ ਕਰਨਾ (ਜੋ ਅੱਜ ਵੀ ਸਾਡੇ ਕੋਲ ਹੈ)। ਸਾਡਾ ਖੁਦਾ ਕਿੰਨਾ ਅਦਭੁੱਤ ਹੈ!

ਪਿਆਰੇ ਦੋਸਤੋ, ਪ੍ਰਮੇਸ਼ਵਰ ਨੇ ਤੁਹਾਨੂੰ ਵੀ ਇੱਕ ਵਿਸ਼ੇਸ਼ ਮਕਸਦ ਲਈ ਚੁਣਿਆਂ ਹੈ। ਆਪਣੇ ਆਪ ਨੂੰ ਅਰ ਤੁਹਾਡੇ ਬੁਲਾਉਣ ਵਾਲੇ ਪ੍ਰਮੇਸ਼ਵਰ ਨੂੰ ਕਮਜ਼ੋਰ ਨਾ ਸਮਝੋ। ਕਿਸੇ ਵੀ ਨਿੱਜੀ ਲਾਭ ਦੀ ਚਾਹ ਅਤੇ ਬੁਰੇ ਵਿਚਾਰ ਨੂੰ ਕੱਢ ਕੇ ਇੱਕ ਬੱਚੇ ਵਾਂਗ ਜਦੋਂ ਤੁਸੀਂ ਆਪਣੇ ਪਿਤਾ ਕੋਲ ਜਾਓਗੇ ਅਰ ਆਪਣੀਆਂ ਪਰੇਸ਼ਾਨੀਆਂ ਉਸਦੇ ਚਰਨਾਂ ਅੱਗੇ ਰੱਖ ਦਿਓਗੇ ਤਾਂ ਤੁਸੀਂ ਪ੍ਰਮੇਸ਼ਵਰ ਦਾ ਅਦਭੁੱਤ ਅਰ ਅਚਰਜ ਹੱਥ ਆਪਣੇ ਜੀਵਨ ਵਿੱਚ ਵੇਖੋਗੇ।ਇਸ ਕਰਕੇ ਸੋਚ ਵਿਚਾਰ ਕਰਨ ਵਿੱਚ ਆਪਣਾ ਸਮਾਂ ਬਰਬਾਦ ਨਾ ਕਰੋ। "ਇਸ ਲਈ ਤੁਸੀਂ ਆਪਣੀ ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ ਅਤੇ ਉਸ ਕਿਰਪਾ ਦੀ ਪੂਰੀ ਆਸ ਰੱਖੋ ਜਿਹੜੀ ਯਿਸੂ ਮਸੀਹ ਦੇ ਪ੍ਰਕਾਸ਼ ਹੋਣ ਸਮੇਂ ਤੁਹਾਡੇ ਉੱਤੇ ਹੋਣ ਵਾਲੀ ਹੈ। ਅਤੇ ਆਗਿਆਕਾਰ ਬੱਚਿਆਂ ਵਾਂਗ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ। ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤਿਵੇਂ ਹੀ ਤੁਸੀਂ ਵੀ ਆਪਣੀ ਸਾਰੀ ਚਾਲ ਚਲਣ ਵਿੱਚ ਪਵਿੱਤਰ ਬਣੋ" (1 ਪਤਰਸ 1:13-15)।

---

### ਇੱਕ ਪਿਆਰ ਭਰੀ ਬੇਨਤੀ

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਅਸੀਂ ਆਪਣੀਆਂ ਕਈ ਲੋੜਾਂ, ਜਿਵੇਂ ਸਟਾਫ਼ ਦੀ ਤਨਖਾਹ ਦੇਣ, ਪੇਪਰ ਖਰੀਦਣ ਅਰ ਅਵਾਜਾਈ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਠਿਨਾਈ ਦਾ ਸਾਹਮਣਾ ਕਰ ਰਹੇ ਹਾਂ। ਆਮ ਤੌਰ ਤੇ ਅਸੀਂ ਕਦੇ ਕਿਸੇ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਆਖਦੇ। ਪਰੰਤੂ ਅਸੀਂ ਉਨ੍ਹਾਂ ਅੱਗੇ, ਜੋ ਸੱਚਮੁਚ ਇਸ ਸੇਵਕਾਈ ਨੂੰ ਪਿਆਰ ਕਰਦੇ ਹਨ, ਬੇਨਤੀ ਕਰਦੇ ਹਾਂ ਕਿ ਉਹ ਆਪਣੇ ਨਜ਼ਰਾਨੇ/ ਭੇਟਾਂ ਮਨੀ ਆਡਰ, ਚੈੱਕ ਜਾਂ ਡਿਮਾਂਡ ਡ੍ਰਾਫ਼ਟ, Phone Pay, NEFT ਜਾਂ ਕਿਸੇ ਹੋਰ ਢੰਗ ਨਾਲ ਇਸ ਸੇਵਕਾਈ ਦੀ ਮਦਦ ਲਈ ਭੇਜਣ। ਪ੍ਰਮੇਸ਼ਵਰ ਤੁਹਾਨੂੰ ਜ਼ਰੂਰ ਬਰਕਤ ਦੇਵੇਗਾ! ਵਧੇਰੇ ਜਾਣਕਾਰੀ ਲਈ ਫੋਨ ਕਰੋ: 98412 71858

-ਸੰਪਾਦਕ, ਬੁਲਾਵੇ ਦੀ ਗੂੰਜ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.


## ECHO OF HIS CALL

10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 95661 31858 / 98410 71852
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com


**YOU CAN SEND YOUR DONATIONS ON ONLINE ALSO**

## PLEASE PRAY FOR OUR MINISTRIES AT THE HEADQUARTERS

1. Prayer Service : 24 hours
2. **BIBLECOR -** Bible Correspondence Courses : English, Tamil & Hindi
3. **ECHO OF HIS CALL** - Monthly Magazines : English, Tamil, Malayalam, Telugu, Hindi, Kannada, Marathi, Gujarati, Bengali, Odiya, Nepali, Assamese, Punjabi, Urdu, Sinhala & Afrikaans.
4. Nehemiah Bible Colleges (Two Centres)
5. Theological Correspondence Courses: English & Tamil
6. Great Commission Partners (Network of Pastors)
7. Training Programmes
8. Crusades
9. Literature Distribution and Follow Up
10. Gospel Printing Press - Publications
11. St. Paul's Matriculation School - Village English High School
12. Sunday Schools : 8.30 a.m. & 4.00 p.m. Sunday
13. **Tamil Services : 5.30 a.m. , 7.00 a.m. & 10.00 a.m. Sunday**
14. **Malayalam Service : 2.00 p.m. Sunday**
15. **Telugu Service : 4.00 p.m. Sunday**
16. **Hindi Service : 5.00 p.m. Sunday**
17. **English & Tamil Service : 6.00 p.m. Sunday**
18. Pastors' Counselling : 4.00 p.m. Sunday
19. Women's Prayer : 5.30 p.m. Wednesday
20. Mid-week Bible study : 6.30 p.m. Wednesday
21. Men's Prayer : 7.00 p.m. Friday
22. Workers' Meeting : 6.00 p.m. Saturday
23. House Meetings : 6.30 p.m. Monday & Tuesday
24. Special Holy Communion : 5.30 a.m. 1st day of each month
25. Ministers Review Meeting : 5.30 p.m. First Saturday
26. Parents' Prayer : 4.00 p.m. First Sunday
27. Night Prayer : 9.30 p.m. Second Friday
28. Fasting Prayer : 9:30 a.m. Third Saturday
29. Holy Communion : Second Sunday Services
30. Morning Devotion : 5.30 a.m. daily
31. Staff Devotion : 9.00 a.m. daily
32. Office : 9.00 a.m. to 9.00 p.m. (except Sundays)

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |


**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th JANUARY 2021**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**


***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**